## ਜਾਣ ਪਛਾਣ

# ਕੁਲੁੱਸੀਆਂ ਦੀ ਕਿਤਾਬ

ਕੁਲੁੱਸੀਆਂ ਦੀ ਕਿਤਾਬ ਮਸੀਹੀ ਸਾਹਿਤ ਦੀਆਂ ਮਹਾਨ ਕਿਤਾਬਾਂ ਵਿੱਚੋਂ ਇਕ ਹੈ। ਇਸ ਵਿਚ ਉਹ ਹਦਾਇਤਾਂ ਹਨ ਜੋ ਹਰ ਯੁੱਗ ਦੇ ਮਸੀਹੀ ਲੋਕਾਂ ਲਈ ਜ਼ਰੂਰੀ ਹਨ ਅਤੇ ਬਾਈਬਲ ਦੇ ਮੁੱਖ ਵਿਸ਼ਿਆਂ ਨੂੰ ਛੂਹਿਆ ਗਿਆ ਹੈ। ਇਨ੍ਹਾਂ ਵਿਸ਼ਿਆਂ ਵਿੱਚੋਂ ਸਭ ਤੋਂ ਅਹਿਮ ਸ਼ਾਇਦ ਯਿਸੂ ਜੋ ਕਿ ਖ਼ੁਦਾ ਦਾ ਸਰੂਪ ਹੈ, ਦਾ ਉੱਚਾ ਕੀਤਾ ਗਿਆ ਸੁਭਾਅ ਹੈ। ਸੁਭਾਅ ਤੋਂ ਉਹ ਖ਼ੁਦਾ ਹੈ, ਉਸ ਕੋਲ ਖ਼ੁਦਾਈ ਦੀ ਭਰਪੂਰੀ ਹੈ। ਉਹ ਕਲੀਸੀਆ ਦਾ ਸਿਰ ਹੈ, ਅਤੇ ਸਭ ਦਾ ਸਿਰਜਣਹਾਰ ਹੈ। ਯਿਸੂ ਸੁਰਗ ਦੀ ਸਾਡੀ ਆਸ ਦਾ ਦੇਣ ਵਾਲਾ ਅਤੇ ਦੁਆ ਵਿਚ ਜਵਾਬ ਦੀ ਸਾਡੀ ਦਿਲੇਰੀ ਹੈ। ਉਹ ਪਾਪਾਂ ਦੀ ਮਾਫ਼ੀ, ਜ਼ਿੰਦਗੀ ਦਾ ਨਵਾਂਪਣ ਅਤੇ ਨੈਤਿਕਤਾ ਅਤੇ ਰੂਹਾਨੀਅਤ ਦੀ ਦਿਸ਼ਾ ਦਿੰਦਾ ਹੈ।

ਪੌਲੁਸ ਨੇ ਸਿਹਤਮੰਦ ਪਰਿਵਾਰਕ ਸਬੰਧ ਲਈ ਖ਼ੁਦਾ ਦਾ ਡਿਜ਼ਾਈਨ ਦੱਸਿਆ ਹੈ। ਉਸ ਨੇ ਮਸੀਹ ਦੀ ਥਾਂ ਮਨੁੱਖਾਂ ਦੇ ਫ਼ਲਸਫ਼ੇ ਅਤੇ ਰੀਤਾਂ ਨੂੰ ਮੰਨਣ ਦੇ ਖ਼ਿਲਾਫ਼ ਚਿਤਾਵਨੀ ਵੀ ਦਿੱਤੀ। ਕੁਲੁੱਸੀਆਂ 3:23, 24 ਵਿਚ ਉਸ ਨੇ ਮਸੀਹੀ ਲੋਕਾਂ ਵਾਸਤੇ ਜੀਣ ਦੀ ਗੱਲ ਦੱਸੀ: ‘‘ਜੋ ਕੁਝ ਤੁਸੀਂ ਕਰੋ ਸੋ ਚਿੱਤ ਲਾ ਕੇ ਪ੍ਰਭੂ ਦੇ ਲਈ ਕਰੋ, ਨਾ ਕਿ ਮਨੁੱਖਾਂ ਦੇ ਲਈ। ਕਿਉਂਕਿ ਤੁਸੀਂ ਜਾਣਦੇ ਹੋ ਭਈ ਤੁਹਾਨੂੰ ਪ੍ਰਭੂ ਤੋਂ ਅਧਕਾਰ ਦਾ ਫਲ਼ ਮਿਲੇਗਾ। ਤੁਸੀਂ ਮਸੀਹ ਪ੍ਰਭੂ ਦੀ ਸੇਵਾ ਕਰਦੇ ਹੋ।’’

ਖ਼ਤ ਇਸ ਅਰਥ ਵਿਚ ਨਿੱਜੀ ਹੈ ਕਿ ਇਸ ਦੇ ਲਿਖੇ ਜਾਣ ਦੇ ਪਿੱਛੇ ਕਈ ਲੋਕ ਸਨ (1:1) । ਕੁਲੁੱਸੇ ਦੇ ਭਾਈਆਂ ਦੇ ਨਾਂਅ ਸਲਾਮ ਭੇਜਣ ਵਾਲੇ ਛੇ ਜਣਿਆਂ ਵਿਚ ਅਰਿਸਤਰਖੁਸ, ਮਰਕੁਸ, ਯੂਸਤੁਸ, ਇਪਫ੍ਰਾਸ, ਲੂਕਾ ਅਤੇ ਦੇਮਾਸ (4:10–14) ਸਣੇ, ਲੇਖਕ ਦੇ ਨਾਲ ਤਿਮੋਥਿਉਸ ਵੀ ਸੀ। ਖ਼ਤ ਪਹੁੰਚਾਉਣ ਵਾਲੇ ਤੁਖਿਕੁਸ ਅਤੇ ਉਹ ਦੇ ਨਾਲ ਰਹਿਣ ਵਾਲੇ ਕੁਲੁੱਸੇ ਵਾਸੀ ਇਕ ਦਾਸ ਉਨੇਸਿਮੁਸ ਦਾ ਵੀ ਜ਼ਿਕਰ ਹੈ (4:7–9)। ਅਰਖਿੱਪੁਸ (4:17) ਜਿਸ ਨੂੰ ਮੰਨਿਆ ਜਾਂਦਾ ਹੈ ਕਿ ਉਸ ਨੇ ਕੁਲੁੱਸੇ ਵਿਚ ਰਹਿਣਾ ਸੀ, ਦੇ ਨਾਂਅ ਨਿੱਜੀ ਸੰਦੇਸ਼ ਵੀ ਹੈ। ਉਨੇਸਿਮੁਸ ਦੇ ਮਾਲਿਕ ਫਿਲੇਮੋਨ ਦੇ ਖ਼ਤ ਵਿਚ ਉਸ ਦਾ ਵੀ ਨਾਂਅ ਹੈ (ਫਿਲੇਮੋਨ 1, 2)।

### ਲੇਖਕ

ਅੰਦਰੂਨੀ ਅਤੇ ਬਾਹਰੀ ਸਬੂਤ ਕੁਲੁੱਸੀਆਂ ਦੀ ਕਿਤਾਬ ਦੇ ਲੇਖਕ ਦੇ ਰੂਪ ਵਿਚ ਪੌਲੁਸ ਵੱਲ ਹੀ ਇਸ਼ਾਰਾ ਕਰਦੇ ਹਨ। 1800 ਦੇ ਦਹਾਕੇ ਤਕ ਕਿਸੇ ਨੇ ਉਸ ਦੇ ਲੇਖਕ ਹੋਣ ਤੇ ਕੋਈ ਸ਼ੱਕ ਨਹੀਂ ਕੀਤਾ। ਪੌਲੁਸ ਦੇ ਲੇਖਕ ਹੋਣ ਨੂੰ ਰੱਦਣ ਵਾਲੀ ਪਹਿਲੀ ਲਿਖਤੀ ਗੱਲ ਅਰੰਸਟ ਥਿਓਡੋਰ, *ਮੇਅਰਹੌਫ਼ ਡੇਰ ਬ੍ਰੀਫ਼ ਐਨ ਡਾਈ ਕੋਲੋਸਰ* ਕਿਤਾਬ ਵਿਚ ਪਹਿਲੀ ਵਾਰ 1838 ਵਿਚ ਮਿਲੀ।[1] ਉਸ ਦੇ ਬਾਅਦ ਤੋਂ ਕੁਝ ਹੋਰ ਲੇਖਕਾਂ ਨੇ ਉਸ ਦੇ ਨਿਚੋੜ ਨੂੰ ਮੰਨ ਲਿਆ ਪਰ ਜ਼ਿਆਦਾਤਰ ਵਿਦਵਾਨ ਪੌਲੁਸ ਨੂੰ ਹੀ ਲੇਖਕ ਮੰਨਦੇ ਹਨ। ਲੇਖਕ ਦੇ ਰੂਪ ਵਿਚ ਪੌਲੁਸ ਤੇ ਇਤਰਾਜ਼ ਸ਼ੈਲੀ, ਸ਼ਬਦਾਵਲੀ ਅਤੇ ਡਾਕਟ੍ਰਿਨ ਦੀਆਂ ਕੁਝ ਗੱਲਾਂ ਦੇ ਅਧਾਰ ਤੇ ਹਨ। ਮੁੱਖ ਤਰਕਾਂ ਵਿੱਚੋਂ ਇਕ ਇਹ ਹੈ ਕਿ ਇਹ ਖ਼ਤ ਦੂਜੀ ਸਦੀ ਦੇ ਕੁਫ਼ਰ ਨੌਸਟਿਕ ਸਿੱਖਿਆ ਦਾ ਖੰਡਣ ਕਰਨ ਲਈ ਲਿਖਿਆ ਗਿਆ ਸੀ ਅਤੇ ਇਸ ਦੇ ਪੌਲੁਸ ਵੱਲੋਂ ਲਿਖੇ ਹੋਣ ਤੋਂ ਵੀ ਬਹੁਤ ਦੇਰ ਦੀ ਗੱਲ ਹੈ। (ਇਸ ਪਾਠ ਵਿਚ ਅੱਗੇ ‘‘ਅਰੰਭ ਦਾ ਥਾਂ ਅਤੇ ਸਮਾਂ’’ ਤੇ ਚਰਚਾ ਵੇਖੋ।) ਅਜਿਹਾ ਕੋਈ ਵੀ ਇਤਰਾਜ਼ ਪੌਲੁਸ ਦੇ ਲੇਖਕ ਹੋਣ ਦਾ ਸੰਕੇਤ ਦਿੰਦੇ ਸਬੂਤ ਦੇ ਭਾਰ ਹੇਠ ਦਬ ਜਾਂਦਾ ਹੈ।

**ਬਾਹਰੀ ਸਬੂਤ**

ਬਾਹਰੀ ਸਬੂਤ ਪੌਲੁਸ ਦੇ ਲੇਖਕ ਹੋਣ ਦਾ ਜ਼ਬਰਦਸਤ ਪੱਖ ਲੈਂਦਾ ਹੈ ਅਤੇ ਵਿਖਾਉਂਦਾ ਹੈ ਕਿ ਇਸ ਪੱਤਰੀ ਨੂੰ ਪਹਿਲਾਂ ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਧਰਮ ਪੁਸਤਕ ਦੇ ਰੂਪ ਵਿਚ ਮੰਨਿਆ ਜਾਂਦਾ ਸੀ। ਹੈਨਰੀ ਕਲੇਰੰਸ ਥਿਅਸਨ[2] ਨੇ ਇਸ ਸਬੂਤ ਨੂੰ ਸੰਖੇਪ ਕੀਤਾ ਹੈ:

- ਇਗਨੇਸ਼ਿਅਸ (ਈਸਵੀ 110) ਨੇ ਆਪਣੀ ਕਿਤਾਬ *ਐਪਿਸਟਲ ਟੂ ਦ ਇਫ਼ੀਸੀਅੰਜ਼* ਵਿਚ ਕੁਲੁੱਸੀਆਂ 1:23 ਦੀ ਗੱਲ ਕੀਤੀ ਹੋ ਸਕਦੀ ਹੈ (ਅਧਿਆਇ 10)।
- ਈਸਵੀ 130 ਵਿਚ ਲਿਖੀ ਗਈ ਦ *ਐਪਿਸਟਲ ਆਫ਼ ਬਰਨਬਾਸ* (ਅਧਿਆਇ 12), ਕੁਲੁੱਸੀਆਂ 1:16 ਦੀ ਗੱਲ ਕਰਦੀ ਲਗਦੀ ਹੈ।
- ਜਸਟਿਨ ਮਾਰਟਿਰ (ਈਸਵੀ 150) ਨੇ ਕੁਲੁੱਸੀਆਂ 1:15 ਵਿਚ ਪਾਈ ਜਾਣ ਵਾਲੀ ਗੱਲ ''ਸਾਰੀ ਸਰਿਸ਼ਟ ਵਿੱਚੋਂ ਜੇਠਾ'' ਦੀ ਵਰਤੋਂ ਆਪਣੀ ਕਿਤਾਬ *ਡਾਇਲਾਗ ਵਿਦ ਟ੍ਰਾਇਫ਼ੋ* (ਅਧਿਆਇ 84; 85; 138) ਵਿਚ ਕਈ ਵਾਰ ਕੀਤੀ ਹੈ।
- ਅੰਤਾਕੀਆ ਦੇ ਥਿਉਫ਼ਿਲਸ (ਈਸਵੀ 180), ਨੇ ਆਪਣੀ ਕਿਤਾਬ *ਟੂ ਆਟੋਲਿਕਸ* (2:22) ਵਿਚ ਵੀ ਇਕ ਵਾਰ ਇਸੇ ਇਜ਼ਹਾਰ ''ਸਾਰੀ ਸਰਿਸ਼ਟੀ ਵਿੱਚੋਂ ਜੇਠਾ'' ਦੀ ਵਰਤੋਂ ਕੀਤੀ।
- ਇਰੇਨਿਉਸ (ਈਸਵੀ 180), ਨੇ *ਅਗੇਂਸਟ ਹੇਅਰਸੀਜ਼* (3.14.1) ਵਿਚ ਕਿਹਾ ਹੈ, ਪੌਲੁਸ ਨੇ ਕੁਲੁੱਸੀਆਂ ਵਿਚ ਲਿਖਿਆ, ''ਲੂਕਾ ਪਿਆਰੇ ਵੈਦ ਦਾ ਸਲਾਮ।'' ਇਹ ਗੱਲ ਕੁਲੁੱਸੀਆਂ 4:14 ਵਿਚ ਮਿਲਦੀ ਹੈ।
- ਸਿਕੰਦਰੀਆ ਦੇ ਕਲੇਮੈਂਟ ਨੇ ਜਿਹੜਾ ਈਸਵੀ 150–215 ਦੇ ਕਰੀਬ ਹੋਇਆ, *ਸਟ੍ਰੋਮੈਟਾ* 1.1 ਵਿਚ ਕੁਲੁੱਸੀਆਂ 1:28 ਵਿਚ ਕਹੀ ਪੌਲੁਸ ਦੀ ਗੱਲ ਦੱਸੀ। ਉਸ ਨੇ *ਸਟ੍ਰੋਮੈਟਾ* 4.7 ਵਿਚ 3:12, 14, 15 ਨੂੰ ਅਤੇ *ਸਟ੍ਰੋਮੈਟਾ* 5.10 ਵਿਚ 4:2–4 ਨੂੰ ਦੁਹਰਾਇਆ।
- ਟਰਟੁਲੀਅਨ (ਈਸਵੀ 200) ਨੇ *ਪ੍ਰਿਸਕ੍ਰਿਪਸ਼ਨ ਅਗੇਂਸਟ ਹੇਅਰਟਿਕਸ* (ਅਧਿਆਇ 7) ਵਿਚ ਕੁਲੁੱਸੀਆਂ 2:8 ਅਤੇ *ਰਿਜ਼ਰੱਕਸ਼ਨ ਆਫ਼ ਦ ਫ਼ਲੈਸ਼* (ਅਧਿਆਇ 23) ਵਿਚ 2:12, 13 ਨੂੰ ਦੁਹਰਾਇਆ।
- ਓਰੀਗਨ (ਈਸਵੀ 225) ਨੇ *ਅਗੇਂਸਟ ਸੈਲਸਸ* (5:8) ਵਿਚ ਕੁਲੁੱਸੀਆਂ ਦੇ ਖ਼ਤ ਨੂੰ ਦੁਹਰਾਉਂਦਿਆਂ ਅਤੇ ਉਸ ਨੂੰ ਇਸ ਦਾ ਸਿਹਰਾ ਦਿੰਦਿਆਂ 2:18, 19 ਦੇ ਸ਼ਬਦਾਂ ਨੂੰ ਦੁਹਰਾਇਆ।
- ਪੁਰਾਤਨ ਲਾਤੀਨੀ ਅਤੇ ਪੁਰਾਤਨ ਸੀਰੀਆਈ ਭਾਸ਼ਾ ਦੇ ਮਾਰਸੀਆ ਦੇ ਕੈਨਨ ਵਿਚ ਕੁਲੁੱਸੀਆਂ ਦੇ ਨਾਂਅ ਖ਼ਤ ਸ਼ਾਮਿਲ ਹੈ। ਮਿਊਰੇਟੋਰੀਅਨ ਭਾਗ ਵਿਚ (ਈਸਵੀ 170)।

ਇਹ ਖ਼ਤ ਚੈਸਟਰ ਬਿਅਟੀ ਕੋਡੇਕਸ (ਜਿਸ ਨੂੰ ਪੀ46 ਦੱਸਿਆ ਗਿਆ ਹੈ) ਦੇ ਨਾਲ ਨਾਲ ਦੂਜੀ ਸਦੀ ਦੇ ਪੁਰਾਤਨ ਲਾਤੀਨੀ ਅਨੁਵਾਦਾਂ ਵਿਚ ਮਿਲਦਾ ਹੈ ਜਿਨ੍ਹਾਂ ਦਾ ਆਰੰਭ ਦੂਜੀ ਸਦੀ ਦੇ ਅਖ਼ੀਰ ਦੇ ਨੇੜੇ ਮਿਸਰ ਵਿਚ ਹੋਇਆ ਸੀ।

**ਅੰਦਰੂਨੀ ਸਬੂਤ**

ਅੰਦਰੂਨੀ ਸਬੂਤ ਵੀ ਪੌਲੁਸ ਦੇ ਹੀ ਲੇਖਕ ਹੋਣ ਦਾ ਸੰਕੇਤ ਦਿੰਦਾ ਹੈ।

ਪਹਿਲਾਂ ਤਾਂ 1:1 ਵਿਚ ਲੇਖਕ ਨੇ ਆਪਣੀ ਪਛਾਣ ਪੌਲੁਸ ਦੇ ਰੂਪ ਵਿਚ ਕਰਵਾਈ ਬਾਅਦ ਵਿਚ

ਉਸ ਨੇ ਆਪਣੇ ਆਪ ਨੂੰ ਪੌਲੁਸ ਆਖਿਆ (1:23) ਅਤੇ ਖ਼ਤ ਦੀ ਸਮਾਪਤੀ ਇਹ ਆਖਦੇ ਹੋਏ ਕੀਤੀ, ''ਮੇਰਾ ਪੌਲੁਸ ਦਾ ਆਪਣੇ ਹੱਥ ਦਾ ਲਿਖਿਆ ਹੋਇਆ ਸਲਾਮ'' (4:18)।

ਦੂਜਾ, ਕੁਲੁੱਸੀਆਂ ਦੇ ਨਾਂਅ ਖ਼ਤ ਫਿਲੇਮੋਨ ਦੇ ਨਾਂਅ ਦੇ ਖ਼ਤ ਨਾਲ ਬਹੁਤ ਮਿਲਦਾ ਜੁਲਦਾ ਹੈ, ਜਿਸ ਨੂੰ ਆਮ ਤੌਰ ਤੇ ਪੌਲੁਸ ਦਾ ਹੀ ਲਿਖਿਆ ਮੰਨਿਆ ਜਾਂਦਾ ਹੈ। ਦੋਹਾਂ ਖ਼ਤਾਂ ਵਿਚ ਉਨ੍ਹਾਂ ਹੀ ਪੰਜਾਂ ਜਣਿਆਂ ਦੇ ਇਕ ਸਾਰ ਹੋਣ ਦੀ ਗੱਲ ਕਹੀ ਹੈ (ਕੁਲੁੱਸੀਆਂ 4:10–14; ਫਿਲੇਮੋਨ 23, 24)। ਕੁਲੁੱਸੀਆਂ ਵਿਚ ਅਰਖਿੱਪੁਸ ਨੂੰ ਸਮਝਾਇਆ ਗਿਆ ਹੈ, ''ਜਿਹੜੀ ਸੇਵਕਾਈ ਤੈਨੂੰ ਪ੍ਰਭੂ ਵਿਚ ਪ੍ਰਾਪਤ ਹੋਈ ਹੈ ਵੇਖੀਂ ਤੂੰ ਉਸ ਨੂੰ ਪੂਰਿਆਂ ਕਰੀਂ'' (4:17)। ਫਿਲੇਮੋਨ ਵਿਚ ਪੌਲੁਸ ਨੇ ਉਸ ਨੂੰ ''ਸਾਡੇ ਸੰਗੀ ਸਿਪਾਹੀ'' (ਆਇਤ 2) ਦੇ ਰੂਪ ਵਿਚ ਦੱਸਿਆ।

ਡੋਨਲਡ ਗੁਥਰੀ ਦੀ ਫਿਲੇਮੋਨ ਦੇ ਨਾਲ ਕੁਲੁੱਸੀਆਂ ਦੀ ਤੁਲਨਾ ਨਾਲ ਪੌਲੁਸ ਨੂੰ ਇਸ ਦੇ ਲੇਖਕ ਦੇ ਰੂਪ ਵਿਚ ਪਛਾਣਨ ਵਿਚ ਮਦਦ ਮਿਲਦੀ ਹੈ। ਇਹ ਕਹਿਣ ਦੇ ਬਾਅਦ ਕਿ ਬਾਹਰੀ ਵਸੀਲਿਆਂ ਤੋਂ ਪੌਲੁਸ ਦੇ ਇਸ ਦਾ ਲੇਖਕ ਹੋਣ ਦਾ ਸੰਕੇਤ ਮਿਲਦਾ ਹੈ, ਉਸ ਨੇ ਲਿਖਿਆ:

> ਪੱਤਰੀ ਅਤੇ ਫਿਲੇਮੋਨ ਵਿਚਕਾਰ ਨਜ਼ਦੀਕੀ ਕੜੀ ਨੂੰ ਜਿਸ ਦੀ ਪ੍ਰਮਾਣਿਕਤਾ ਨੂੰ ਸਿਰਫ਼ ਬੇਹੱਦ ਨਕਾਰਾਤਮਕ ਆਲੋਚਕਾਂ ਵੱਲੋਂ ਚੁਣੌਤੀ ਦਿੱਤੀ ਗਈ ਹੈ, ਇਸ ਮਜ਼ਬੂਤ ਬਾਹਰੀ ਸਬੂਤ ਨੂੰ ਹੋਰ ਹਮਾਇਤ ਮਿਲਦੀ ਹੈ। ਇਸ ਕੜੀ ਨੂੰ ਬਣਾਈ ਰੱਖਣ ਦੇ ਕਾਰਣ ਇਸ ਤਰ੍ਹਾਂ ਹੋ ਸਕਦੇ ਹਨ ।
>
> 1. ਸ਼ੁਰੂਆਤੀ ਸਲਾਮ ਵਿਚ ਪੌਲੁਸ ਨਾਲ ਤਿਮੋਥਿਉਸ ਦਾ ਨਾਂਅ ਦੋਹਾਂ ਵਿਚ ਹੈ (ਕੁਲੁੱਸੀਆਂ 1.1; ਫਿਲੇਮੋਨ 1)।
> 2. ਦੋਹਾਂ ਖ਼ਤਾਂ ਵਿਚ ਸਲਾਮ ਅਰਿਸਤਰਖੁਸ, ਮਰਕੁਸ, ਇਪਫ੍ਰਾਸ, ਲੂਕਾ ਅਤੇ ਦੇਮਾਸ ਦੀ ਤਰਫ਼ੋਂ ਭੇਜੇ ਗਏ ਜਿਹੜੇ ਸਾਫ਼ ਤੌਰ ਤੇ ਸਾਰੇ ਇਸ ਵਕਤ ਪੌਲੁਸ ਦੇ ਨਾਲ ਸਨ (ਕੁਲੁੱਸੀਆਂ 4:10–14; ਫਿਲੇਮੋਨ 23, 24)।
> 3. ਫਿਲੇਮੋਨ 2 ਵਿਚ ਅਰਖਿੱਪੁਸ ਨੂੰ ''ਸੰਗੀ ਸਿਪਾਹੀ'' ਕਿਹਾ ਗਿਆ ਹੈ ਅਤੇ ਕੁਲੁੱਸੀਆਂ 4:17 ਵਿਚ ਉਸ ਨੂੰ ਆਪਣੀ ਸੇਵਕਾਈ ਪੂਰੀ ਕਰਨ ਦੀ ਹਦਾਇਤ ਕੀਤੀ ਗਈ ਹੈ।
> 4. ਕੁਲੁੱਸੀਆਂ 4:9 ਵਿਚ ਉਨੇਸਿਮੁਸ ਦਾ ਨਾਂਅ ਨਾਲ ਭੇਜੇ ਗਏ ਦੇ ਰੂਪ ਵਿਚ ਹੈ ਅਤੇ ਉਸ ਨੂੰ ''ਤੁਹਾਡੇ ਹੀ ਵਿੱਚੋਂ'' ਦੱਸਿਆ ਗਿਆ ਹੈ।
>
> ਇਨ੍ਹਾਂ ਆਂਕੜਿਆਂ ਨੂੰ ਧਿਆਨ ਵਿਚ ਰੱਖਦਿਆਂ ਇਹ ਕਲਪਨਾ ਕਰਨੀ ਨਾਮੁਮਕਿਨ ਹੈ ਕਿ ਦੋਵੇਂ ਪੱਤਰੀਆਂ ਵੱਖੋ ਵੱਖ ਸਮਿਆਂ ਵਿਚ ਭੇਜੀਆਂ ਗਈਆਂ ਹੋਣਗੀਆਂ ਅਤੇ ਕਿਉਂਕਿ ਫਿਲੇਮੋਨ ਦੀ ਪ੍ਰਮਾਣਿਕਤਾ ਤੇ ਆਮ ਤੌਰ ਤੇ ਕੋਈ ਸਵਾਲ ਨਹੀਂ ਉੱਠਦਾ ਇਸ ਕਰਕੇ ਇਹ ਪੱਕਾ ਹੈ ਕਿ ਕੁਲੁੱਸੀਆਂ ਦੀ ਪੱਤਰੀ ਪੌਲੁਸ ਦਾ ਹੀ ਕੰਮ ਹੈ।[3]

ਤੀਸਰਾ ਭਾਵੇਂ ਕੁਝ ਲੋਕ ਇਹ ਤਰਕ ਦੇਣਗੇ ਕਿ ਕੁਲੁੱਸੀਆਂ ਵਿਚ ਮਿਲਣ ਵਾਲੀ ਸਿੱਖਿਆ ਗਲਾਤੀਆਂ ਅਤੇ ਅਫ਼ਸੀਆਂ ਵਿਚ ਪੌਲੁਸ ਦੀਆਂ ਲਿਖਤਾਂ ਤੋਂ ਫ਼ਰਕ ਹੈ, ਪਰ ਸਮਾਨਤਾਵਾਂ ਐਨੀਆਂ ਵੱਧ ਹਨ ਕਿ ਅਜਿਹੇ ਇਤਰਾਜ਼ਾਂ ਦੀ ਕੋਈ ਵੁੱਕਤ ਨਹੀਂ ਰਹਿੰਦੀ।[4] ਇਸ ਪਾਠ ਦੇ ਅਖ਼ੀਰ ਵਿਚ ਇਸ ਚਾਰਟ ਦੇ ਤਿੰਨਾਂ ਕਿਤਾਬਾਂ ਦੀਆਂ ਬਹੁਤ ਸਾਰੀਆਂ ਸਮਾਨਤਾਵਾਂ ਦਾ ਇਕ ਨਮੂਨਾ ਮਿਲਦਾ ਹੈ।[5]

ਕੁਲੁੱਸੀਆਂ ਦੀ ਵਿਲੱਖਣ ਸ਼ਬਦਾਵਲੀ ਅਤੇ ਸ਼ੈਲੀ ਦੇ ਹੋਰ ਫ਼ਰਕਾਂ ਦੇ ਸਬੰਧ ਵਿਚ ਇਹ ਧਿਆਨ ਦਿੱਤਾ ਜਾਣ ਦੀ ਲੋੜ ਹੈ ਕਿ ਇਹ ਖੂਬੀਆਂ ਕੁਲੁੱਸੇ ਦੇ ਖ਼ਾਸ ਤੌਰ ਤੇ ਜੁੜੀਆਂ ਮੁਸ਼ਕਿਲਾਂ ਨਾਲ ਪੌਲੁਸ ਦੇ ਵਿਹਾਰ ਵਿਚ ਮਿਲਦੀਆਂ ਹਨ। ਉਦਾਹਰਣ ਲਈ ਅਫ਼ਸੀਆਂ ਦੀਆਂ ਲੋੜਾਂ ਕੁਲੁੱਸੇ ਦੇ ਲੋਕਾਂ ਦੀਆਂ ਲੋੜਾਂ ਨਾਲੋਂ ਫਰਕ ਹਨ। ਕਰਟਿਸ ਵਾਨ ਨੇ ਧਿਆਨ ਦੁਆਇਆ ਹੈ ਕਿ ਅਫ਼ਸੀਆਂ ਅਤੇ ਕੁਲੁੱਸੀਆਂ ਵਿਚ ਦਿੱਤੇ ਜਾਣ ਵਾਲੇ ਜ਼ੋਰ ਵਿਚ ਫ਼ਰਕ ਹੈ:

> ... ਅਫ਼ਸੀਆਂ ਵਿਚ ਜ਼ੋਰ ਮਸੀਹ ਦੀ ਦੇਹ ਦੇ ਰੂਪ ਵਿਚ *ਕਲੀਸੀਆ* ਉੱਤੇ ਹੈ; ਕੁਲੁੱਸੀਆਂ ਵਿਚ ਕਲੀਸੀਆ ਦੇ ਸਿਰ ਦੇ ਰੂਪ ਵਿਚ ਜ਼ੋਰ *ਮਸੀਹ* ਉੱਤੇ ਹੈ। ... ਕੁਲੁੱਸੀਆਂ ਵਿਚ ਸਪੱਸ਼ਟ, ਪਰਤੱਖ ਅਤੇ ਗੋਲਾਕਾਰ ਹੈ; ਅਫ਼ਸੀਆਂ ਖੁਲਾਸਾ, ਸਿੱਖਿਆਦਾਇਕ ਅਤੇ ਆਮ ਹੈ। ... ਕੁਲੁੱਸੀਆਂ ... ''ਚਰਚਾ ਦਾ ਖ਼ਤ'' ਹੈ; ਅਫ਼ਸੀਆਂ ''ਵਿਚਾਰ ਦਾ ਖ਼ਤ'' ਹੈ।[6]

ਭਾਵੇਂ ਕੁਝ ਫ਼ਰਕ ਤਾਂ ਹਨ ਪਰ ਕੁਲੁੱਸੀਆਂ ਵਿਚ ਜ਼ਿਆਦਾ ਧਨ ਪੌਲੁਸ ਦੇ ਹੀ ਹਨ। ਅੰਦਰੂਨੀ ਸਬੂਤ ਦਾ ਵਜ਼ਨ ਗਲਾਤੀਆਂ, ਅਫ਼ਸੀਆਂ, ਕੁਲੁੱਸੀਆਂ ਅਤੇ ਫਿਲੇਮੋਨ ਦੇ ਇਕ ਹੀ ਲੇਖਕ ਦੇ ਹੋਣ ਦਾ ਸੰਕੇਤ ਦਿੰਦਾ ਹੈ।

## ਆਰੰਭ ਦੀ ਥਾਂ ਅਤੇ ਸਮਾਂ

ਪੌਲੁਸ ਨੇ ਕੁਲੁੱਸੀਆਂ ਦੀ ਕਿਤਾਬ ਉਦੋਂ ਲਿਖੀ ਜਦੋਂ ਉਹ ਜੇਲ੍ਹ ਵਿਚ ਹੀ ਸੀ (4:3, 10, 18; ਵੇਖੋ ਅਫ਼ਸੀਆਂ 3:1; 4:1; 6:20; ਫ਼ਿਲਿੱਪੀਆਂ 1:7, 13, 14, 16; ਫਿਲੇਮੋਨ 1, 9, 10, 13)। ਜੇਲ੍ਹ ਵਿਚ ਉਸ ਦਾ ਸਭ ਤੋਂ ਵੱਧ ਸਮਾਂ ਕੈਸਰੀਆ (ਰਸੂਲਾਂ ਦੇ ਕੰਮ 24:27) ਅਤੇ ਰੋਮ (ਰਸੂਲਾਂ ਦੇ ਕੰਮ 28:30) ਵਿਚ ਬੀਤਿਆ। ਮਿਸ਼ਨਰੀ ਦੇ ਤੌਰ ਤੇ ਉਸ ਨੇ ਸਭ ਤੋਂ ਵੱਧ ਸਮਾਂ ਅਫ਼ਸੁਸ ਵਿਚ ਬਿਤਾਇਆ (ਰਸੂਲਾਂ ਦੇ ਕੰਮ 20:17, 31)। ਇਸ ਕਰਕੇ ਕੁਲੁੱਸੀਆਂ ਦੇ ਲਿਖੇ ਜਾਣ ਲਈ ਸੰਭਾਵਿਤ ਥਾਂਵਾਂ ਦੇ ਰੂਪ ਵਿਚ ਇਨ੍ਹਾਂ ਤਿੰਨਾਂ ਸ਼ਹਿਰਾਂ ਦਾ ਨਾਂਅ ਸਭ ਤੋਂ ਵੱਧ ਲਿਆ ਜਾਂਦਾ ਹੈ।

ਅਫ਼ਸੁਸ ਦਾ ਪੱਖ ਲੈਣ ਵਾਲੇ ਲੋਕ ਆਖਦੇ ਹਨ ਕਿ ਇਹ ਹੋਰਨਾਂ ਸ਼ਹਿਰਾਂ ਦੇ ਮੁਕਾਬਲੇ ਕੁਲੁੱਸੇ ਦੇ ਬਹੁਤਾ ਨੇੜੇ ਸੀ, ਇਸ ਕਰਕੇ ਪੌਲੁਸ ਨੂੰ ਕਲੀਸੀਆ ਦੀ ਖ਼ਬਰ ਅਸਾਨੀ ਨਾਲ ਅਤੇ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਦੀ ਖ਼ਬਰ ਜਿਹੜੀ ਉਨ੍ਹਾਂ ਅੱਗੇ ਆਉਂਦੀ ਹੋਵੇਗੀ, ਮਿਲ ਜਾਂਦੀ ਹੋਵੇਗੀ। ਜੇ ਪੌਲੁਸ ਕੈਸਰੀਆ ਜਾਂ ਰੋਮ ਦੀ ਥਾਂ ਅਫ਼ਸੁਸ ਵਿਚ ਸੀ ਤਾਂ ਇਪਫ੍ਰਾਸ ਨੂੰ ਦੱਸਣ ਲਈ ਕਿ ਉਹਦੇ ਕੋਲ ਜਾਣ ਵਿਚ ਬਹੁਤਾ ਸਮਾਂ ਨਹੀਂ ਲੱਗਾ ਹੋਵੇਗਾ (ਕੁਲੁੱਸੀਆਂ 1:7)। ਫਿਲੇਮੋਨ 22 ਵਿਚ ਪੌਲੁਸ ਨੇ ਬੇਨਤੀ ਕੀਤੀ ਕਿ ਉਹਦੇ ਠਹਿਰਣ ਦੀ ਥਾਂ ਤਿਆਰ ਰੱਖੀ ਜਾਵੇ, ਜੋ ਪੌਲੁਸ ਦੇ ਨਜ਼ਦੀਕ ਹੀ ਹੋਣ ਦਾ ਸੰਕੇਤ ਦੇ ਸਕਦਾ ਹੈ।

ਪਰ ਅਫ਼ਸੁਸ ਨੂੰ ਨਕਾਰਿਆ ਜਾ ਸਕਦਾ ਹੈ ਕਿਉਂ ਜੋ ਸਾਡੇ ਕੋਲ ਕੋਈ ਪੱਕਾ ਸਬੂਤ ਨਹੀਂ ਹੈ ਕਿ ਅਫ਼ਸੁਸ ਵਿਚ ਮਿਹਨਤ ਕਰਦਿਆਂ ਪੌਲੁਸ ਜੇਲ੍ਹ ਵਿਚ ਸੀ (ਰਸੂਲਾਂ ਦੇ ਕੰਮ 20:31)। ਅਫ਼ਸੁਸ ਵਿਚ ''ਦਰਿੰਦਿਆਂ'' ਨਾਲ ਲੜਨ ਦੀ ਉਸ ਦੀ ਗੱਲ (1 ਕੁਰਿੰਥੀਆਂ 15:32) ਇਹ ਸਾਬਤ ਨਹੀਂ ਕਰਦੀ ਕਿ ਉਹ ਜੇਲ੍ਹ ਵਿਚ ਸੀ। ਜੇ ਮਰਕੁਸ ਅਤੇ ਲੂਕਾ ਦੇ ਸਲਾਮ ਅਫ਼ਸੁਸ ਵਿੱਚੋਂ ਭੇਜੇ ਗਏ ਸਨ (ਕੁਲੁੱਸੀਆਂ 4:10, 14), ਤਾਂ ਇਹ ਰਸੂਲਾਂ ਦੇ ਕੰਮ ਦੀ ਕਿਤਾਬ ਨਾਲ ਮੇਲ ਨਹੀਂ ਖਾ ਸਕਦੀ ਜਿਸ ਵਿਚ ਪੌਲੁਸ ਦੇ ਅਫ਼ਸੁਸ ਵਿਚ ਰਹਿੰਦਿਆਂ ਉਨ੍ਹਾਂ ਦੇ ਉਹਦੇ ਨਾਲ ਹੋਣ ਦੀ ਕੋਈ ਗੱਲ ਨਹੀਂ ਹੈ (ਰਸੂਲਾਂ ਦੇ ਕੰਮ 19)। ਲੂਕਾ ਪੌਲੁਸ ਦੇ ਕੁਲੁੱਸੀਆਂ ਦਾ ਖ਼ਤ ਲਿਖਣ ਵੇਲੇ ਉਸ ਦੇ ਨਾਲ ਸੀ (ਕੁਲੁੱਸੀਆਂ 4:14); ਪਰ ਰਸੂਲਾਂ ਦੇ ਕੰਮ 19 ਵਿਚ ''ਅਸੀਂ'' ਵਾਲੀਆਂ ਆਇਤਾਂ ਦਾ ਨਾਂਅ ਹੋਣਾ ਇਸ ਗੱਲ ਦਾ ਸੰਕੇਤ ਹੈ ਕਿ ਰਸੂਲਾਂ ਦੇ ਕੰਮ ਦਾ ਲੇਖਕ ਲੂਕਾ ਪੌਲੁਸ ਦੇ ਅਫ਼ਸੁਸ ਵਿਚ ਰਹਿਣ ਵੇਲੇ ਉਹਦੇ ਨਾਲ ਨਹੀਂ ਸੀ। ਉਹ ਰੋਮ ਵਿਚ ਜ਼ਰੂਰ ਪੌਲੁਸ ਦੇ ਨਾਲ ਗਿਆ ਸੀ (ਰਸੂਲਾਂ ਦੇ ਕੰਮ 27:1; 28:16)।

ਇਹ ਮੰਨਣ ਵਾਲਿਆਂ ਦਾ ਕਿ ਪੌਲੁਸ ਦੇ ਨਾਂਅ ਕੁਲੁੱਸੀਆਂ ਦਾ ਖ਼ਤ ਕੈਸਰ ਵਿਚ ਜੇਲ੍ਹ ਵਿਚ ਰਹਿੰਦਿਆਂ ਲਿਖਿਆ ਵਿਚਾਰ ਇਹ ਹੈ ਕਿ ਉਸ ਵੇਲੇ ਅਰਿਸਤਰਖੁਸ ਅਤੇ ਤੁਖਿਕੁਸ ਪੌਲੁਸ ਦੇ ਨਾਲ ਰਹੇ ਹੋਣਗੇ। ਉਹ ਯਰੂਸ਼ਲਮ ਵਿਚ ਜਾਣ ਵੇਲੇ ਪੌਲੁਸ ਦੇ ਨਾਲ ਸਨ (ਰਸੂਲਾਂ ਦੇ ਕੰਮ 20:4) ਅਤੇ ਉਸ ਦੇ ਉੱਥੇ ਰਹਿੰਦਿਆਂ ਉਹਦੇ ਨਾਲ ਸੇਵਾ ਲਈ ਉਹ ਕੈਸਰੀਆ ਵਿਚ ਉਹਦੇ ਨਾਲ ਚਲੇ ਗਏ

ਹੋਣਗੇ (24:23)।

ਕੈਸਰੀਆ ਨੂੰ ਵੀ ਉਸ ਥਾਂ ਦੇ ਵਿਚ ਕੱਢਿਆ ਜਾ ਸਕਦਾ ਹੈ ਜਿੱਥੇ ਪੌਲੁਸ ਨੇ ਕੁਲੁੱਸੀਆਂ ਦੇ ਨਾਂਅ ਖ਼ਤ ਲਿਖਿਆ। ਪ੍ਰਚਾਰ ਦੀ ਸੇਵਕਾਈ ਜਿਸ ਦਾ ਸੰਕੇਤ ਉਸ ਨੇ 1:28, 29 ਵਿਚ ਦਿੱਤਾ ਰਸੂਲਾਂ ਦੇ ਕੰਮ ਵਿਚ ਉਸ ਦੇ ਕੈਸਰੀਆ ਵਿਚ ਹੋਣ ਦੌਰਾਨ ਹੋਣ ਦਾ ਜ਼ਿਕਰ ਨਹੀਂ ਹੈ। ਪੌਲੁਸ ਨੇ ਨਜ਼ਰਬੰਦ ਰਹਿ ਕੇ ਰੋਮ ਵਿਚ ਘੱਟੋ-ਘੱਟ ਢਾਈ ਸਾਲ ਪ੍ਰਚਾਰ ਕੀਤਾ (ਰਸੂਲਾਂ ਦੇ ਕੰਮ 28:16, 30, 31)। ਜੇ ਖ਼ਤ ਕੈਸਰੀਆ ਵਿਚ ਲਿਖਿਆ ਗਿਆ ਤਾਂ ਮਰਕੁਸ ਦੀ ਹਾਜ਼ਰੀ (ਕੁਲੁੱਸੀਆਂ 4:10) ਨੂੰ ਦੱਸ ਸਕਣਾ ਅਤੇ ਰਸੂਲਾਂ ਦੇ ਕੰਮ ਨੂੰ ਮਿਲਾ ਸਕਣਾ ਔਖਾ ਹੈ। ਮਰਕੁਸ ਪੌਲੁਸ ਨੂੰ ਛੱਡ ਕੇ ਕੁਪਰੁਸ ਵਿਚ ਬਰਨਬਾਸ ਨਾਲ ਚਲਿਆ ਗਿਆ (ਰਸੂਲਾਂ ਦੇ ਕੰਮ 15:39)।

ਬਹੁਤੀ ਸੰਭਾਵਨਾ ਇਹ ਹੈ ਕਿ ਕੁਲੁੱਸੀਆਂ ਦੇ ਨਾਂ ਖ਼ਤ ਲਿਖਣ ਸਮੇਂ ਪੌਲੁਸ ਰੋਮ ਵਿਚ ਸੀ। ਇਹ ਵਿਚਾਰ ਸਭ ਤੋਂ ਪਹਿਲਾਂ ਈਸਵੀ 375 ਵਿਚ ਕ੍ਰਿਸੋਸਟੋਮ ਵੱਲੋਂ ਜ਼ਾਹਿਰ ਕੀਤਾ ਗਿਆ ਸੀ।[7] ਇਸ ਨਾਲ ਪੌਲੁਸ ਅਤੇ ਮਰਕੁਸ ਵਿਚਕਾਰ ਸੁਲ੍ਹਾ ਦਾ ਸਮਾਂ ਵੀ ਮਿਲ ਗਿਆ ਹੋਵੇਗਾ। ਫ਼ਿਲਿੱਪੀਆਂ ਵਿਚ ਜਿਹੜੀ ਜੇਲ੍ਹ ਵਿਚ ਲਿਖੀ ਗਈ ਸੀ ਪੌਲੁਸ ਨੇ ''ਬਾਦਸ਼ਾਹ ਦੀ ਸਾਰੀ ਪਲਟਨ'' ਅਤੇ ''ਕੈਸਰ ਦੇ ਘਰ'' ਦਾ ਜ਼ਿਕਰ ਕੀਤਾ (ਫ਼ਿਲਿੱਪੀਆਂ 1:13; 4:22)। ਇਨ੍ਹਾਂ ਸ਼ਬਦਾਂ ਦੀ ਵਰਤੋਂ ਇਸ ਗੱਲ ਦਾ ਸੰਕੇਤ ਹੈ ਕਿ ਫ਼ਿਲਿੱਪੀਆਂ ਦੇ ਨਾਂਅ ਲਿਖਣ ਦੌਰਾਨ ਪੌਲੁਸ ਰੋਮ ਵਿਚ ਸੀ।

ਜੇ ਪੌਲੁਸ ਇਹ ਖ਼ਤ ਦੌਰਾਨ ਅਫ਼ਸੁਸ ਵਿਚ ਸੀ ਤਾਂ ਲਿਖੇ ਜਾਣ ਦਾ ਸਮਾਂ 52 ਤੋਂ 54 ਈਸਵੀ ਹੋਵੇਗਾ। ਜੇ ਉਸ ਨੇ ਕੈਸਰੀਆ ਵਿਚ ਜੇਲ੍ਹ ਵਿਚ ਰਹਿੰਦਿਆਂ ਇਸ ਨੂੰ ਲਿਖਿਆ ਤਾਂ ਸਮਾਂ ਲਗਭਗ 57 ਤੋਂ 59 ਈਸਵੀ ਹੋਵੇਗਾ।[8] ਜਿਵੇਂ ਕਿ ਨਿਚੋੜ ਕੱਢਿਆ ਗਿਆ ਹੈ ਕਿ ਜੇ ਉਸ ਨੇ ਰੋਮ ਵਿਚ ਜੇਲ੍ਹ ਵਿਚ ਰਹਿੰਦਿਆਂ ਲਿਖਿਆ, ਤਾਂ ਸਮਾਂ 60 ਤੋਂ 62 ਈਸਵੀ ਹੋਵੇਗਾ।

## ਮੰਜ਼ਿਲ

ਇਹ ਖ਼ਤ ਕੁਲੁੱਸੇ ਵਿਚ ਰਹਿਣ ਵਾਲੇ ਮਸੀਹੀ ਲੋਕਾਂ ਦੇ ਨਾਂਅ ਲਿਖਿਆ ਗਿਆ ਸੀ। ਯੂਨਾਨੀ ਭਾਸ਼ਾ ਵਿਚ ''ਕੁਲੁੱਸੇ'' ਦੇ ਦੋ ਵੱਖੋ ਵੱਖ ਸ਼ਬਦ ਜੋੜ ਹਨ, *Kolossai* ਅਤੇ *Kolassai* ਪੁਰਾਤਨ ਹੱਥਲਿਖਤਾਂ ਅਤੇ ਸ਼ਿਲਾਲੇਖਾਂ ਵਿਚ ਦੋਵੇਂ ਸ਼ਬਦ ਮਿਲਦੇ ਹਨ। ਪਹਿਲਾਂ ਵਾਲਾ ਸ਼ਬਦ ਜੋੜ ਸ਼ਾਇਦ ਪੁਰਾਣਾ ਹੈ ਅਤੇ ਬਾਅਦ ਵਾਲਾ, ਖ਼ਤ ਦੇ ਲਿਖੇ ਜਾਣ ਵੇਲੇ ਵਰਤਿਆ ਜਾਂਦਾ ਸੀ। ਇਸ ਦਾ ਨਾਂਅ ਉਸ ਇਲਾਕੇ ਵਿਚ ਪੱਥਰਾਂ ਦੇ ਅਕਾਰ ਕਰਕੇ ਇਕ ਵੱਡੀ ਮੂਰਤੀ *colossus* ਤੋਂ ਲਿਆ ਗਿਆ ਹੋ ਸਕਦਾ ਹੈ। ਇਕ ਹੋਰ ਸੰਭਾਵਿਤ ਵਿਆਖਿਆ ਹੈ ਕਿ ਇਹ ਨਾਂਅ ਸਥਾਨਕ ਉੱਨ ਉਦਯੋਗ ਕਰਕੇ ਬਣਿਆ ਹੋ ਸਕਦਾ ਹੈ। ਉੱਥੇ ਬਣਨ ਵਾਲੇ ਰੰਗਦਾਰ ਕੱਪੜੇ ਲਈ ਯੂਨਾਨੀ ਸ਼ਬਦ *colossinus* ਹੈ ਜਿਸ ਦਾ ਅਰਥ ਹੈ ''ਬੈਂਜਣੀ।''[9]

ਕੁਲੁੱਸੇ ਪਰਗਮੁਮ ਰਾਜ ਦੇ ਇਲਾਕੇ ਫ਼ਰੁਗੀਆ ਦਾ ਇਕ ਸ਼ਹਿਰ ਸੀ। ਇਹਦੇ ਕੋਲ ਦੋ ਪ੍ਰਭਾਵਸ਼ਾਲੀ ਸ਼ਹਿਰ, ਪੱਛਮ ਵਿਚ ਬਾਰਾਂ ਮੀਲ ਲਾਉਦੀਕੀਆ ਅਤੇ ਉੱਤਰ ਪੱਛਮ ਵਿਚ ਤੇਰਾਂ ਮੀਲ ਹਿਯਰਾਪੁਲਿਸ ਸਨ। ਕੁਲੁੱਸੀਆਂ ਦੇ ਨਾਂਅ ਲਿਖਣ ਦੌਰਾਨ ਦੋਹਾਂ ਸ਼ਹਿਰਾਂ ਵਿਚ ਮਸੀਹੀ ਸਮਾਜ ਪਾਇਆ ਜਾਂਦਾ ਸੀ (ਕੁਲੁੱਸੀਆਂ 2:1; 4:13-16)। ਅਫ਼ਸੁਸ ਜਿਸ ਵਿਚ ਇਨ੍ਹਾਂ ਤੋਂ ਪਹਿਲਾਂ ਖੁਸ਼ਖ਼ਬਰੀ ਸੁਣਾਈ ਗਈ ਹੋ ਸਕਦੀ ਹੈ ਇਹ ਇਕ ਸੌ ਵੀਹ ਮੀਲ ਪੱਛਮ ਵੱਲ ਨੂੰ ਸੀ। ਰੋਮ ਪਹਿਲੀ ਸਦੀ ਦੇ ਰਾਹਾਂ ਦੇ ਰਾਹੀਂ ਤਕਰੀਬਨ ਇਕ ਹਜਾਰ ਮੀਲ ਦੂਰ ਸੀ। (''ਪੌਲੁਸ ਦੇ ਸਮੇਂ ਦਾ ਰੋਮੀ ਸੰਸਾਰ ਦਾ ਨਕਸ਼ਾ ਵੇਖੋ।'')

ਕੁਲੁੱਸੇ ਵਿਚ ਮਿਏਂਡਰ ਦਰਿਆ ਦੇ ਸਹਾਇਕ, ਲੁਕਸ ਦਰਿਆ ਦੇ ਦੱਖਣੀ ਕੰਢੇ ਤੇ ਅਕਰੋਪੁਲਿਸ ਸੀ। ਕੁਲੁੱਸੇ ਇਕ ਖੱਡ ਦੇ ਉੱਪਰ ਸੀ, ਜਿੱਥੇ ਦੋ ਚਸ਼ਮੇ ਮਿਲਦੇ ਸਨ। ਪਾਣੀ ਵਿਚ ਚੂਨੇ ਦੇ ਪੱਥਰਾਂ ਵਿਚ ਕਾਰਬੋਹਾਈਡ੍ਰੇਟ ਦੀ ਮਿਕਦਾਰ ਬੇਹੱਦ ਸੀ ਜਿਸ ਨਾਲ ਕੰਢਿਆਂ ਦੇ ਨਾਲ ਨਾਲ ਸ਼ਾਨਦਾਰ ਪੱਪੜੀਆਂ

ਜੰਮ ਜਾਂਦੀਆਂ ਸਨ ਜੋ ਕੱਪੜਾ ਰੰਗਣ ਦੇ ਬੜਾ ਕੰਮ ਆਉਂਦੀਆਂ ਸਨ। ਦੱਖਣ ਵੱਲ ਨੂੰ ਤਿੰਨ ਮੀਲ, ਸ਼ਹਿਰ ਦੇ ਉੱਤੇ 8435 ਫੁੱਟ ਉੱਚਾ ਹੋਨਾਜ਼ ਦਾਗ (ਕਦਮੁਸ ਪਹਾੜ) ਸੀ ਅਤੇ ਉੱਤਰ ਵਿਚ ਮੋਸੀਨਾ ਰੇਂਜ ਸੀ। ਨੀਰੋ ਦੀ ਹਕੂਮਤ ਦੌਰਾਨ 61 ਈਸਵੀ ਵਿਚ ਇਕ ਭੂਚਾਲ[10] ਨੇ ਲਾਉਦੀਕੀਆ ਨੂੰ ਬੁਰੀ ਤਰ੍ਹਾਂ ਨਾਲ ਬਰਬਾਦ ਅਤੇ ਬੇਵੱਸ ਕਰ ਦਿੱਤਾ ਅਤੇ ਕੁਲੁੱਸੇ ਅਤੇ ਹਿਯਰਾਪੁਲਿਸ ਨੂੰ ਵੀ ਪ੍ਰਭਾਵਿਤ ਕੀਤਾ ਹੋਵੇਗਾ। ਲੂਕਸ ਘਾਟੀ ਨੂੰ ਭੁਚਾਲ ਅਤੇ ਜਵਾਲਾਮੁੱਖੀ ਪ੍ਰਭਾਵਿਤ ਇਲਾਕਾ ਮੰਨਿਆ ਜਾਂਦਾ ਸੀ।[11]

ਮਸੀਹ ਤੋਂ ਕਈ ਸਦੀਆਂ ਪਹਿਲਾਂ, ਕੁਲੁੱਸੇ ਦਾ ਸ਼ਮਾਰ ਫ਼ਰੁਗੀਆ ਦੇ ਇਲਾਕੇ ਦੇ ਅਮੀਰ ਸ਼ਹਿਰਾਂ ਵਿਚ ਸੀ, ਅਤੇ ਅਫ਼ਸੁਸ ਤੋਂ ਫ਼ਰਾਤ ਦਰਿਆ ਦੇ ਪ੍ਰਮੁੱਖ ਰਾਹ ਤੇ ਇਹ ਇਕ ਅਗਾਂਹਵਧੂ ਸ਼ਹਿਰ ਸੀ। ਇਸ ਦੀ ਅਹਿਮੀਅਤ ਇਸ ਤੱਥ ਵਿਚ ਵੇਖੀ ਜਾਦੀ ਹੈ ਕਿ 481 ਈ. ਪੂ. ਵਿਚ ਅਕਸ਼ਰਸ਼ ਅਤੇ ਬਾਅਦ ਵਿਚ 401 ਈ. ਪੂ. ਵਿਚ ਕੋਰਸ ਛੋਟਾ ਨਾਮਕ ਦੋ ਫ਼ੌਜੀ ਆਗੂ ਉੱਥੇ ਗਏ ਸਨ।

ਫ਼ਾਰਸੀ ਬਾਦਸ਼ਾਹ ਹੇਰੋਦੋਤਸ ਦੀ ਅਕਸ਼ਰਸ਼ (485–465 ਈ. ਪੂ.), ਜਿਸ ਨੂੰ ਅਸਤਰ ਦੀ ਕਿਤਾਬ ਵਿਚ ''ਅਹਸ਼ਵੇਰੋਸ਼'' ਆਖਿਆ ਗਿਆ ਹੈ (1:1), ਫ਼ਾਰਸ ਤੋਂ ਯੂਨਾਨ ਉੱਤੇ ਹਮਲਾ ਕਰਨ ਲਈ ਜਾਣ ਵੇਲੇ ਕੁਲੁੱਸੇ ਦੇ ਵਿੱਚੋਂ ਦੀ ਹੋ ਕੇ ਗਿਆ ਸੀ। ਬਾਅਦ ਵਿਚ ਕੋਰਸ ਛੋਟੇ ਦੇ ਅਧੀਨ ਇਕ ਹੁਸ਼ਿਆਰ ਯੂਨਾਨੀ ਜਰਨੈਲ ਜ਼ਿਨੋਫੋਨ (401 ਈ. ਪੂ.) ਨੇ ਇਕ ਮਾਰਚ ਦੀ ਗੱਲ ਲਿਖੀ ਕੋਰਸ ਸਰਦੀਸ ਤੋਂ ਆਪਣੀ ਫ਼ੌਜ ਦੇ ਉੱਤਰ–ਪੂਰਵ ਵੱਲ ਨੂੰ ਵਧਣ ਦੌਰਾਨ ਕੁਲੁੱਸੇ ਵਿਚ ਸੱਤ ਦਿਨ ਤਕ ਠਹਿਰਿਆ ਸੀ। ਜ਼ਿਨੋਫ਼ੋਨ ਨੇ ਕੁਲੁੱਸੇ ਨੂੰ ''ਵੱਸਦਾ ਅਤੇ ਖੁਸ਼ਹਾਲ ਅਤੇ ਵੱਡਾ ਸ਼ਹਿਰ'' ਦੱਸਿਆ ਸੀ।[12] ਹੇਰੋਦੋਤਸ ਨੇ ਕੁਲੁੱਸੇ ਨੂੰ ''ਫ਼ਰੁਗੀਆ ਦਾ ਵੱਡਾ ਸ਼ਹਿਰ'' ਆਖਿਆ।[13]

ਕੁਲੁੱਸੇ ਦੇ ਮੂਲ ਨਿਵਾਸੀ ਸਥਾਨਕ ਫ਼ਰੁਗੀ ਲੋਕ ਅਤੇ ਬਾਹਰੋਂ ਵੱਸੇ ਯੂਨਾਨੀ ਸਨ। ਦੂਜੀ ਸਦੀ ਈ. ਪੂ. ਦੇ ਸ਼ੁਰੂ ਵਿਚ ਅੰਤਿਉਕੁਸ ਤੀਜੇ (ਮਹਾਨ) ਨੇ ਮੈਸੋਪੋਟਾਮੀਆ ਅਤੇ ਬਾਬੁਲ ਵਿਚ ਲੁਦਿਆ ਅਤੇ ਫ਼ਰੂਗਿਆ ਵਿਚ ਦੋ ਹਜ਼ਾਰ ਯਹੂਦੀ ਪਰਿਵਾਰਾਂ ਨੂੰ ਮੰਗਵਾਇਆ।[14] ਜੇ. ਬੀ. ਲਾਈਟਫੁਟ ਨੇ ਯਹੂਦੀਆਂ ਵੱਲੋਂ ਦਿੱਤੇ ਜਾਣ ਵਾਲੇ ਹੈਕਲ ਦੇ ਕਰ ਦੇ ਅਧਾਰ ਤੇ ਇਕ ਹੋਰ ਸੰਕੇਤ ਦਿੱਤਾ ਕਿ ਯਹੂਦੀਆਂ ਦੀ ਕਾਫ਼ੀ ਅਬਾਦੀ ਲੁਕਸ ਘਾਟੀ ਵਿਚ ਰਹਿੰਦੀ ਸੀ।[15]

133 ਈ. ਪੂ. ਵਿਚ ਅੱਤਾਲਿਦ ਰਾਜ ਘਰਾਣੇ ਦੇ ਆਖ਼ਰੀ ਹਾਕਮ ਨੇ ਪਰਗਮੁਮ ਦਾ ਰਾਜ ਰੋਮੀ ਸੀਰਟ ਅਤੇ ਰੋਮੀ ਲੋਕਾਂ ਨੂੰ ਵਸੀਅਤ ਵਿਚ ਦੇ ਦਿੱਤਾ। ਉਸ ਵਿਚ ਕੁਲੁੱਸੇ ਨੂੰ ਰੋਮੀ ਇਲਾਕੇ ਦੇ ਰੂਪ ਵਿਚ ਫੇਰ ਤੋਂ ਵਸਾਇਆ ਗਿਆ ਸੀ। ਇਸ ਦੇ ਬਾਅਦ ਇਸ ਨੂੰ ਅਤੇ ਫ਼ਰੁਗੀਆ ਦੇ ਹੋਰ ਸ਼ਹਿਰਾਂ ਦੀ ਕੋਈ ਸਿਆਸੀ ਅਹਿਮੀਅਤ ਵਾਲੀ ਅਜ਼ਾਦੀ ਬਰਕਰਾਰ ਨਾ ਰਹੀ।

ਮਸੀਹੀ ਯੁੱਗ ਦੇ ਸ਼ੁਰੂ ਹੋਣ ਤਕ ਕੁਲੁੱਸੇ ਇਕ ਮਹੱਤਵਹੀਨ ਸ਼ਹਿਰ ਬਣ ਗਿਆ ਸੀ, ਜਿਸ ਦੀ ਥਾਂ ਹੁਣ ਲਾਉਦੀਕੀਆ ਅਤੇ ਹਿਯਰਾਪੁਲਿਸ ਨੇ ਲੈ ਲਈ ਸੀ। ਭੂਗੋਲ ਸ਼ਾਸਤਰੀ ਸਟ੍ਰੈਬੋ ਨੇ ਮਸੀਹ ਦੇ ਸਮੇਂ ਦੇ ਆਸ ਪਾਸ ਲਿਖਦਿਆਂ ਇਸ ਨੂੰ ''ਇਕ ਛੋਟਾ ਕਸਬਾ'' ਦੱਸਿਆ।[16]

ਸੱਭਿਆਚਾਰਕ ਅਤੇ ਧਾਰਮਿਕ ਦੋਵੇਂ ਤਰ੍ਹਾਂ ਨਾਲ ਕੁਲੁੱਸੇ ਫ਼ਰਕ ਸੀ। ਇਹ ਪੱਛਮ ਅਤੇ ਪੂਰਵ ਵਿਚਕਾਰਲੇ ਮੁੱਖ ਵਪਾਰ ਰਾਹ ਉੱਤੇ ਸੀ ਜਿਸ ਕਰਕੇ ਪੱਛਮੀ ਅਤੇ ਪੂਰਵੀ ਦੋਹਾਂ ਸੱਭਿਅਤਾਵਾਂ ਦੇ ਫ਼ਲਸਫ਼ਿਆਂ ਦਾ ਪ੍ਰਭਾਵ ਇਸ ਉੱਤੇ ਸੀ। ਆਸੀਆ ਅਤੇ ਫ਼ਰੁਗੀਆ (ਜਿਸ ਵਿਚ ਕੁਲੁੱਸੇ ਵੀ ਹੋਵੇਗਾ) ਦੇ ਪੈਂਟੀਕਾਸਟ ਵਾਲੇ ਦਿਨ ਯਰੂਸ਼ਮ ਵਿਚ ਆਏ ਹੋਏ ਸਨ (ਰਸੂਲਾਂ ਦੇ ਕੰਮ 2:9, 10)। ਇਸ ਕਰਕੇ ਇਹ ਮੰਨ ਲੈਣਾ ਆਸਾਨ ਹੈ ਕਿ ਕੁਲੁੱਸੇ ਦੀ ਕਲੀਸੀਆ ਵਿਚ ਯਹੂਦੀ ਧਰਮ ਤੋਂ ਬਣੇ ਮਸੀਹੀ ਵੀ ਸਨ। ਕੁਲੁੱਸੀਆਂ 2:16 ਵਿਚ ਪੌਲੁਸ ਦਾ ਯਹੂਦੀ ਰੀਤਾਂ ਦੀ ਗੱਲ ਕਰਨਾਂ ਇਸ ਨਿਚੋੜ ਨੂੰ ਪੱਕਿਆਂ ਕਰਦਾ ਹੈ।

ਕਾਫ਼ਰਾਂ ਦੀ ਦੇਵੀ ਸਿਬੇਲੇ ਦੀ ਪੂਜਾ ਲੂਕਸ ਘਾਟੀ ਵਿਚ ਬਹੁਤ ਵੱਧ ਹੁੰਦੀ ਸੀ ਅਤੇ ਸ਼ਾਇਦ ਕੁਲੁੱਸੇ ਵਿਚ ਵੀ ਹੁੰਦੀ ਸੀ। ਕੁਲੁੱਸੇ ਤੋਂ ਮਿਲੇ ਸਿੱਕਿਆਂ ਤੋਂ ਪਤਾ ਲਗਦਾ ਹੈ ਕਿ ਰੋਮੀ ਹਕੂਮਤ ਦੌਰਾਨ

(ਲਗਭਗ 27 ਈ. ਪੂ. ਅਤੇ 180 ਈਸਵੀ)[17] ਲੋਕ ਸਥਾਨਕ ਦੇ ਪੁਰਖਾਂ ਦੇ ਨਾਲ ਨਾਲ ਆਇਸਸ, ਸੇਰਾਪਸ, ਏਲਿਓਸ, ਡਿਮੇਟਰ, ਸਲੇਨੀ, ਅਫ਼ਸੁਸ ਦੀ ਅਰਤਮਿਸ ਅਤੇ ਸ਼ਿਕਾਰਣ ਅਰਤਮਿਸ ਦੀ ਪੂਜਾ ਕਰਦੇ ਸਨ। ਲਗਦਾ ਹੈ ਕਿ ਮਸੀਹੀ ਬਣਨ ਵਾਲੇ ਬਹੁਤ ਸਾਰੇ ਲੋਕ ਕਾਫ਼ਰਾਂ ਵਿੱਚੋਂ ਹੀ ਬਦਲੇ ਸਨ (ਕੁਲੁੱਸੀਆਂ 1:21)। ਕੁਲੁੱਸੇ ਦੇ ਕੁਝ ਲੋਕਾਂ ਦੇ ਨਾਂਵਾਂ ਤੋਂ ਇਸ ਵਿਚਾਰ ਨੂੰ ਵਜ਼ਨ ਮਿਲ ਸਕਦਾ ਹੈ ਕਿ ਕਾਫ਼ਿਰ ਪਿਛੋਕੜ ਵਾਲੇ ਕੁਝ ਲੋਕ ਮਸੀਹੀ ਬਣੇ ਸਨ।[18]

ਅੱਜ ਕਲੁੱਸੇ ਤੁਰਕੀ ਵਿਚ ਇਕ ਖੰਡਰ ਬਣਿਆ ਢੇਰ ਹੈ। ਅੱਜ ਤਕ ਇਸ ਦੀ ਖ਼ੁਦਾਈ ਨਹੀਂ ਹੋਈ ਹੈ। ਢੇਰ ਦੇ ਕਰੀਬ ਤਿੰਨ ਮੀਲ ਉੱਤਰ ਪੱਛਮ ਵਿਚ ਐਸ ਕੀ ਸਿਅਰ ਤੋਂ ਡੇਨਿਜ਼ਲੀ ਨੂੰ ਜਾਣ ਵਾਲੀ ਸੜਕ ਤੋਂ ਕੁਝ ਫ਼ਾਸਲੇ ਤੇ ਹੋਨਾਜ਼ ਨਾਂਅ ਦਾ ਇਕ ਪਿੰਡ ਹੈ।

## ਕੁਧਰਮ ਦੀ ਮੁਸ਼ਕਿਲ

ਕੁਲੁੱਸੀਆਂ ਦੇ ਖ਼ਤ ਵਿਚ ਇਕ ਜ਼ੋਰਦਾਰ ਸੰਦੇਸ਼ ਹੈ ਪਰ ਕੁਲੁੱਸੇ ਦੀ ਕਲੀਸੀਆ ਵਿਚ ਕਿਹੜੀਆਂ ਮੁਸ਼ਕਿਲਾਂ ਖੜੀਆਂ ਹੋਈਆਂ ਸਨ ਇਸ ਵਿਚ ਅਨਿਸ਼ਚਿਤਤਾ ਬਣੀ ਰਹਿੰਦੀ ਹੈ। ਭਲਾ ਕਲੀਸੀਆ ਵਿਚ ਕੋਈ ਖ਼ਾਸ ਖਾਮੀਆਂ ਆ ਗਈਆਂ ਸਨ ਜਾਂ ਪੌਲੁਸ ਆਮ ਸਿੱਖਿਆ ਵਿਚ ਝੂਠੀ ਸਿੱਖਿਆ ਦੇ ਖ਼ਿਲਾਫ਼ ਚਿਤਾਵਨੀ ਦੇ ਰਿਹਾ ਸੀ?

ਪੌਲੁਸ ਦੇ ਕਹਿਣ ਤੋਂ ਭਾਵ ਸੀ ਕਿ ਕੁਲੁੱਸੇ ਦੀ ਕਲੀਸੀਆ ਇਕ ਸਮਰਪਿਤ ਅਤੇ ਤਰੱਕੀ ਕਰਨ ਵਾਲੀ ਮੰਡਲੀ ਸੀ। ਇਸ ਦੇ ਲੋਕਾਂ ਨੂੰ ਉਸ ਨੇ ''ਸੰਤ'' ਅਤੇ ''ਨਿਹਚਾਵਾਨ'' ਆਖਿਆ (1:2) । ਮਸੀਹ ਵਿਚ ਉਨ੍ਹਾਂ ਦੀ ਨਿਹਚਾ ਅਤੇ ਸਭ ਸੰਤਾਂ ਲਈ ਉਨ੍ਹਾਂ ਦੇ ਪਿਆਰ ਦੀ ਚਰਚਾ ਦੂਰ ਦੂਰ ਤਕ ਸੀ (1:4)। ਕੁਲੁੱਸੇ ਦੇ ਲੋਕ ਫਲ਼ ਲਿਆ ਰਹੇ ਸਨ (1:6)। ਉਹ ਰਾਜ ਵਿਚ ਸਨ (1:13), ਖ਼ੁਦਾ ਨਾਲ ਮਿਲਾਏ ਜਾ ਰਹੇ ਸਨ (1:22)। ਉਨ੍ਹਾਂ ਨੂੰ ਬਪਤਿਸਮਾ ਦਿੱਤਾ ਗਿਆ ਸੀ (2:12) ਅਤੇ ਉਹ ਮਸੀਹ ਦੇ ਨਾਲ ਜਿਵਾਏ ਗਏ ਸਨ (2:13)। ਉਹ ਮਸੀਹ ਵਿਚ ਲੁਕੇ ਹੋਏ (3:3), ਚੁਣੇ ਹੋਏ ਸਨ ਅਤੇ ਉਨ੍ਹਾਂ ਨਾਲ ਪ੍ਰੇਮ ਕੀਤਾ ਗਿਆ (3:12) ਸੀ, ਅਤੇ ਉਹ ਇੱਕੋ ਦੇਹ ਵਿਚ ਸਨ (3:15)। ਪੌਲੁਸ ਨੇ ਇਹ ਸੰਕੇਤ ਨਹੀਂ ਦਿੱਤਾ ਕਿ ਉਹ ਕਿਸੇ ਤਰ੍ਹਾਂ ਦੀ ਹਰਾਮਕਾਰੀ ਜਾਂ ਡਾਕਟ੍ਰਿਨ ਜਾਂ ਸਿੱਖਿਆ ਤੋਂ ਭਟਕੇ ਸਨ।

ਇਪਫ੍ਰਾਸ ਨੇ ਪੌਲੁਸ ਨੂੰ ਕਲੀਸੀਆ ਦੀ ਹਾਲਤ ਬਾਰੇ ਦੱਸਿਆ ਸੀ (1:7, 8)। ਮੈਂਬਰਾਂ ਦੀ ਖ਼ਬਰ ਭਾਵੇਂ ਉਸ ਨੇ ਚੰਗੀ ਦਿੱਤੀ ਸੀ, ਸ਼ਾਇਦ ਉਸ ਨੇ ਉਨ੍ਹਾਂ ਦੀ ਸੋਚ ਵਿਚ ਮੁਸ਼ਕਿਲਾਂ ਵੀ ਵੇਖੀਆਂ ਸਨ। ਹੋ ਸਕਦਾ ਹੈ ਕਿ ਇਹ ਭਾਈ ਅਜੇ ਸਚਿਆਈ ਤੋਂ ਦੂਰ ਨਾ ਗਏ ਹੋਣ ਪਰ ਪੌਲੁਸ ਘੱਟੋ ਘੱਟ ਉਨ੍ਹਾਂ ਨੂੰ ਭਟਕਣ ਤੋਂ ਰੋਕਣ ਲਈ ਚਿਤਾਵਨੀ ਦੇ ਰਿਹਾ ਸੀ।

ਖ਼ਤ ਦੇ ਇਕ ਛੋਟੇ ਭਾਗ ਵਿਚ, ਪੌਲੁਸ ਨੇ ਇੰਜੀਲ ਤੋਂ ਕਿਸੇ ਵੀ ਤਰ੍ਹਾਂ ਭਟਕ ਜਾਣ ਦੇ ਖ਼ਿਲਾਫ਼ ਚਿਤਾਵਨੀਆਂ ਦਿੱਤੀਆਂ (2:4–23)। ਇਹ ਚਿਤਾਵਨੀਆਂ ਭਾਵੇਂ ਖ਼ਾਸ ਦੂਤਾਂ ਦੇ ਸਬੰਧ ਵਿਚ ਸਨ ਪਰ ਪੌਲੁਸ ਨੇ ਇਹ ਸੰਕੇਤ ਨਹੀਂ ਦਿੱਤਾ ਕਿ ਕਿਸੇ ਨੇ ਇੱਥੇ ਕਹੀਆਂ ਮੁਸ਼ਕਿਲਾਂ ਨੂੰ ਵਧਾਵਾ ਦਿੱਤਾ ਹੋਵੇ। ਇਹ ਜਾਣਦਿਆਂ ਕਿ ਉਨ੍ਹਾਂ ਦਾ ਸੱਭਿਆਚਾਰ ਉਨ੍ਹਾਂ ਲਈ ਜ਼ੋਰਦਾਰ ਖਿੱਚ ਰੱਖਦਾ ਸੀ, ਉਹ ਉਨ੍ਹਾਂ ਨੂੰ ਮਸੀਹ ਵਿਚ ਬਣੇ ਰਹਿਣ ਲਈ ਦਲੇਰ ਕਰ ਰਿਹਾ ਹੋ ਸਕਦਾ ਹੈ।

(1) *ਸ਼ਾਇਦ ਪੌਲੁਸ ਨੇ ਇਹ ਖ਼ਤ ਨੌਸਟਿਕ ਸਿਖਿਆਵਾਂ ਦਾ ਜਵਾਬ ਦੇਣ ਲਈ ਲਿਖਿਆ*। ਕੁਝ ਦੇਰ ਤਕ ਨੌਸਟਿਕਵਾਦ ਨੂੰ ਉਹ ਕੁਧਰਮ ਮੰਨਿਆ ਜਾਂਦਾ ਸੀ ਜਿਸ ਦੀ ਪੌਲੁਸ ਨੇ ਗੱਲ ਕੀਤੀ। ਪਰ ਜ਼ਿਆਦਾਤਰ ਟੀਕਾਕਾਰਾਂ ਵੱਲੋ ਇਸ ਵਿਚਾਰ ਨੂੰ ਛੱਡ ਦਿੱਤਾ ਗਿਆ। ਨੌਸਟਿਕਵਾਦ ਦੂਜੀ ਸਦੀ ਤਕ ਪੂਰੀ ਤਰ੍ਹਾਂ ਨਾਲ ਵਧਿਆ ਨਹੀਂ ਸੀ। ਪੀਟਰ ਟੂਨ ਨੇ ਇਸ ਸਿੱਖਿਆ ਦੇ ਪ੍ਰਮੁੱਖ ਪਹਿਲੂਆਂ ਨੂੰ ਇਸ ਤਰ੍ਹਾਂ ਬਿਆਨ ਕਰ ਦਿੱਤਾ:

ਸੱਚਾ ਖ਼ੁਦਾ ਨਿਰੋਲ ਆਤਮਾ ਹੈ ਅਤੇ ਨਿਰੋਲ ਚਾਨਣ ਵਿਚ ਵਾਸ ਕਰਦਾ ਹੈ ਜੋ ਹਨੇਰੇ ਨਾਲ ਭਰੇ ਇਸ ਸੰਸਾਰ ਨਾਲੋਂ ਬਿਲਕੁਲ ਅੱਡ ਹੈ। ਸੰਸਾਰ ਬੁਰਾ ਹੈ ਕਿਉਂ ਜੋ ਇਹ ਪਦਾਰਥ ਤੋਂ ਬਣਿਆ ਹੈ ਅਤੇ ਪਦਾਰਥ ਬੁਰਾ ਹੈ। ਸੱਚੇ ਖ਼ੁਦਾ ਦਾ ਇਸ ਨਾਲ ਕੋਈ ਵਾਸਤਾ ਨਹੀਂ ਹੋਵੇਗਾ ਕਿਉਂ ਜੋ ਇਸ ਨੂੰ ਕਿਸੇ ਛੋਟੇ ਦੇਵਤੇ ਵੱਲੋਂ ਰਚਿਆ ਗਿਆ ਸੀ ਅਤੇ ਇਹ ਇਕ ਗਲਤੀ ਸੀ। ਇਸ ਸੰਸਾਰ ਦੇ ਲੋਭ ਆਮ ਤੌਰ ਤੇ ਜਿਸਮ ਅਤੇ ਦਿਮਾਗ ਦੇ ਹੀ ਹੁੰਦੇ ਹਨ। ਪਰ ਕੁਝ ਵਿਚ ਨਿਰੋਲ ਆਤਮਾ ਦੀ ਚੰਗਿਆੜੀ ਹੁੰਦੀ ਹੈ। ਅਜਿਹੇ ''ਰੂਹਾਨੀ ਲੋਕਾਂ ਨੂੰ ਇਸ ਬੁਰੇ ਸੰਸਾਰ ਤੋਂ ਬਚਣ ਦੀ ਲੋੜ ਹੈ; ਇਸ ਕਰਕੇ ਮੁਕਤੀਦਾਤੇ ਦੀ ਲੋੜ ਹੈ। ਯਿਸੂ ਜੋ ਕਿ ਨਿਰੋਲ ਆਤਮਾ ਹੈ, ਜਿਹੜਾ ਭਾਵੇਂ ਜਿਸਮ ਅਤੇ ਦਿਮਾਗ ਲਗਦਾ ਤਾਂ ਹੈ ਪਰ ਹੈ ਉਹ ਮੁਕਤੀਦਾਤਾ, ਜਿਹੜਾ ਸੱਚੇ ਖ਼ੁਦਾ ਚਾਨਣ ਵਿਚ ਵੱਸਦੇ ਸੱਚੇ ਖ਼ੁਦਾ ਵੱਲੋਂ ਚਾਨਣ ਦੇ ਰੂਹਾਨੀ ਖੇਤਰ ਦਾ ਗਿਆਨ (*gnosis*) ਲਿਆਉਣ ਲਈ ਆਉਂਦਾ ਹੈ। ਇਸ ਕਰਕੇ ਜਿਨ੍ਹਾਂ ਅੰਦਰ ਆਤਮਾ ਦੀ ਚੰਗਿਆੜੀ ਹੈ ਉਹ ਗਿਆਨ ਨੂੰ ਕਬੂਲ ਕਰਕੇ ਸੱਚੇ ਖ਼ੁਦਾ ਨਾਲ ਫੇਰ ਤੋਂ ਜੁੜ ਜਾਣਗੇ।[19]

ਨੌਸਟਿਕ ਲੋਕਾਂ ਦਾ ਮੰਨਣਾ ਸੀ ਕਿ ਜਿਸਮਾਨੀ ਦੁਨੀਆਂ ਪੂਰੀ ਤਰ੍ਹਾਂ ਨਾਲ ਬੁਰਿਆਈ ਹੈ ਅਤੇ ਪੂਰੀ ਤਰ੍ਹਾਂ ਨਾਲ ਆਤਮਾ ਦੇ ਸੰਸਾਰ ਨਾਲੋਂ ਅੱਡ ਹੈ। ਇਸ ਦੇ ਨਤੀਜੇ ਵਜੋਂ ਦੋ ਵੱਖੋ ਵੱਖ ਵਿਚਾਰ ਬਣੇ ਜਿਸ ਵਿਚ ਫ਼ਿਲਾਸਫ਼ੀ ਦਾ ਨਿਯਮ ਹੈ ਜਿਹੜਾ ਪਦਾਰਥ ਨੂੰ ਭਲਿਆਈ ਅਤੇ ਰੂਹਾਨੀਅਤ ਦਾ ਵਿਰੋਧੀ ਨਿਯਮ ਸਦਾ ਉਚ ਹੈ। ਇਸ ਫ਼ਲਸਫ਼ੇ ਦੇ ਅਨੁਸਾਰ ਖ਼ੁਦਾ (ਜਿਹੜਾ ਪੂਰੀ ਤਰ੍ਹਾਂ ਨਾਲ ਭਲਾ ਹੈ) ਨੇ ਪਦਾਰਥ (ਜੋ ਬੁਰਿਆਈ ਹੈ) ਨੂੰ ਨਹੀਂ ਬਣਾਇਆ ਹੋਵੇਗਾ। ਨੌਸਟਿਕਵਾਦ ਵੱਲੋਂ ਇਹ ਪੇਸ਼ਕਸ਼ ਦਿੱਤੀ ਗਈ ਕਿ ਹੋਰ ਦੇਵਤੇ ਜਿਹੜੇ ਹੇਠਾਂ ਵੱਲ ਘੁੰਮਦੇ ਹੋਏ ਨਿੱਕਲੇ ਸਨ ਅਤੇ ਇਨ੍ਹਾਂ ਵਿੱਚੋਂ ਕਿਸੇ ਹਸੀਨ ਦੇਵਤੇ ਨੇ ਸੰਸਾਰ ਦੀ ਰਚਨਾ ਕੀਤੀ। ਹੋਰ ਰੂਹਾਨੀ ਜੀਵਾਂ ਨਾਲ ਉਸ ਨੇ ਭੌਤਿਕ ਰੂਪ ਵਿਚ ਮਨੁੱਖ ਜਾਤੀ ਦੀਆਂ ਰੂਹਾਂ ਨੂੰ ਕੈਦ ਕਰ ਲਿਆ ਹੋਵੇਗਾ, ਜਿਸ ਨਾਲ ਲੋਕ ਰੂਹਾਨੀ ਵਜੂਦ ਵਿਚ ਬਚਣ ਦੀ ਚਾਹ ਕਰਦੇ ਹਨ। ਹਰ ਕੋਈ ਨਹੀਂ ਮੰਨਦਾ ਹੈ ਕਿ ਭੌਤਿਕ ਵਜੂਦ ਵਿੱਚੋਂ ਨਿੱਕਲਣ ਲਈ ਰੂਹਾਨੀ ਚੰਗਿਆੜੀ ਦਾ ਹੋਣਾ ਜ਼ਰੂਰੀ ਹੈ। ਮੌਤ ਵੇਲੇ ਸੱਚਾ ਗਿਆਨ ਹੋਣ ਵਾਲੇ ਲਈ ਹੀ ਭੌਤਿਕ ਨੂੰ ਛੱਡ ਕੇ ਰੂਹਾਨੀ ਵਜੂਦ ਵਿਚ ਜਾਣ ਦੀ ਗੱਲ ਕਹੀ ਜਾਂਦੀ ਸੀ।

ਨੌਸਟਿਕ ਵਿਚ ਯਿਸੂ ਦੀ ਇਤਿਹਾਸਕ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਸਣੇ ਉਸ ਦੇ ਸਰੀਰਕ ਵਜੂਦ ਦਾ ਇਨਕਾਰ ਕਰਦੇ ਸਨ। ਉਨ੍ਹਾਂ ਸੀ ਸੋਚ ਇਹ ਸੀ ਕਿ ਮੁਕਤੀ ਦਾ ਮਤਲਬ ਪਾਪ ਤੋਂ ਮੁਕਤੀ ਨਹੀਂ ਬਲਕਿ ਸਰੀਰਕ ਵਜੂਦ ਤੋਂ ਛੁਟਕਾਰਾ ਭਾਵ ਮੋਕਸ਼ ਹੈ।

(2) *ਪੌਲੁਸ ਇਸ ਏਸੇਨੀਆ ਦੀ ਸਿੱਖਿਆ ਦੀ ਗੱਲ ਕਰ ਰਿਹਾ ਹੋਵੇਗਾ*। ਕੁਲੁੱਸੀਆਂ ਨੇ ਆਪਣੇ ਸ਼ਾਨਦਾਰ ਟੀਕਾਂ ਵਿਚ ਜੇ. ਡੀ. ਲਾਈਟਫ਼ੁਟ ਨੇ ਇਕ ਯਹੂਦੀ ਫ਼ਿਰਕੇ ਏਸੇਨੀਆਂ ਦੀ ਸਿੱਖਿਆ ਦੇ ਇਸ ਮਾਮਲੇ ਦੀ ਗੱਲ ਦੱਸੀ ਜਿਸ ਵਿਚ ਇਕ ਮਨੁੱਖ ਕੁਧਰਮ ਜਿਹੜਾ ਕੁਲੁੱਸੇ ਦੀ ਕਲੀਸੀਆ ਵਿਚ ਆ ਗਿਆ ਸੀ, ਦੱਸਿਆ ਗਿਆ।[20] ਕੁਲੁੱਸੀਆਂ ਅਤੇ ਏਸੇਨੀਵਾਦ ਵਿਚ ਸਮਾਨਤਾਵਾਂ ਦੱਸਦਿਆਂ ਡੋਨਲਡ ਗੁਥਰੀ ਨੇ ਲਿਖਿਆ ਹੈ, ''ਲਾਈਟਫ਼ੁਟ ਦੀ ਸਿੱਖਿਆ ਭਾਵੇਂ ਨਾ ਮੰਨੀ ਜਾਵੇ ਪਰ ਸ਼ਾਇਦ ਇਹ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਵਾਲ ਵਿਚਲਾ ਕੁਧਰਮ ਦੂਜੀ ਸਦੀ ਦੇ ਵਿਕਸਿਤ ਨੌਸਟਿਕਵਾਦ ਦੀ ਥਾਂ ਏਸੇਨੀਵਾਦ ਦੇ ਬਹੁਤ ਨੇੜੇ ਹੈ।''[21]

(3) *ਕੁਲੁੱਸੀਆਂ ਨੂੰ ਯਿਸੂ ਦੇ ਸਬੰਧ ਵਿਚ ਗਲਤ ਸਿੱਖਿਆ ਦਿੱਤੇ ਜਾਣ ਤੇ ਪਰੇਸ਼ਾਨੀ ਹੁੰਦੀ ਹੋਵੇਗੀ।* ਪੌਲੁਸ ਨੇ ਯਿਸੂ ਦੇ ਸੁਭਾਅ ਤੇ ਜ਼ੋਰ ਦਿੱਤਾ ਨਾ ਸਿਰਫ਼ ਉਹ ਖ਼ੁਦਾ ਦੇ ਸਰੂਪ ਉੱਤੇ ਸੀ (1: 15), ਬਲਕਿ ਉਹ ਹਰ ਚੀਜ਼ ਦਾ ਸਿਰਜਣਹਾਰ ਵੀ ਹੈ (1: 16, 17)। ਸਭ ਗੱਲਾਂ ਵਿਚ ਉਸ ਨੂੰ ਤਰਜੀਹ ਦਿੱਤੀ ਗਈ ਹੈ। ਉਹ ਕਲੀਸੀਆ ਦੇ ਉੱਪਰ ਸਿਰ ਹੈ ਅਤੇ ਸਾਰੀ ਭਰਪੂਰੀ ਓਸੇ ਵਿਚ ਹੈ (1: 18)। ਉਸ ਵਿਚ ਖ਼ੁਦਾਈ ਦੀ ਸਾਰੀ ਭਰਪੂਰੀ ਵਾਸ ਕਰਦੀ ਹੈ (2:9)।

(4) *ਕੁਝ ਮਸੀਹੀ ਲੋਕ ਫ਼ਿਲਾਸਫ਼ੀ ਵੱਲ ਮੁੜ ਗਏ ਹੋ ਸਕਦੇ ਹਨ* (2:8)। ਪੌਲੁਸ ਨੇ ਕੁਲੁੱਸੀਆਂ ਨੂੰ ਯਕੀਨ ਦੁਆਇਆ ਕਿ ਉਨ੍ਹਾਂ ਨੂੰ ਯਿਸੂ ਨੂੰ ਛੱਡ ਗਲਤ ਸਿੱਖਿਆ ਜਾਂ ਸਿਖਾਉਣ ਵਾਲੇ ਦੀ ਲੋੜ ਨਹੀਂ ਹੈ। ਓਸੇ ਵਿਚ ਮਸੀਹੀ ਲੋਕ ਭਰਪੂਰ ਹੁੰਦੇ ਹਨ (2:10)।

(5) *ਕੁਝ ਲੋਕ ਯਹੂਦੀ ਵਿਚਾਰ ਤੋਂ ਪ੍ਰਭਾਵਿਤ ਹੋਏ ਹੋ ਸਕਦੇ ਹਨ।* ਜੇ ਅਜਿਹਾ ਹੋਇਆ ਤਾਂ ਉਨ੍ਹਾਂ ਨੂੰ ਲੱਗਾ ਹੋਵੇਗਾ ਕਿ ਮਾਫ਼ੀ ਸ਼ਰ੍ਹਾ ਨੂੰ ਮੰਨਣ ਨਾਲ ਮਿਲੀ ਹੈ। ਪੌਲੁਸ ਦੀ ਗੱਲ ਤੇ ਯਿਸੂ ਨੇ ਉਨ੍ਹਾਂ ਨੂੰ ਪਾਪ ਤੋਂ ਛੁਡਾਇਆ ਅਤੇ ਸ਼ਰ੍ਹਾ ਦੀਆਂ ਵਿਧੀਆਂ ਨੂੰ ਮਿਟਾ ਸੁੱਟਿਆ (2:12–16)। ਯਹੂਦੀ ਸਿੱਖਿਆ ਨੂੰ ਜਵਾਬ ਹੋ ਸਕਦਾ ਹੈ।

(6) *ਕੁਝ ਯਹੂਦੀ ਗੁਰੂਆਂ ਦੇ ਪ੍ਰਭਾਵ ਵਿਚ ਕੁਝ ਲੋਕ ਸੁਰਗਦੂਤਾਂ ਦੀ ਪੂਜਾ ਕਰ ਰਹੇ ਹੋ ਸਕਦੇ ਹਨ* (2:18)। ਐਸ. ਐਫ਼. ਬਰੂਸ ਨੇ ਫ਼ਰੀਸੀਆਂ ਪ੍ਰਤੀ ਫ਼ਰੁਗੀਆ ਦੇ ਇਲਾਕੇ ਵਿਚ ਯਹੂਦੀਆਂ ਦੇ ਵਿਹਾਰ ਤੇ ਚਰਚਾ ਕੀਤੀ ਹੈ:

> ਖ਼ੁਦਾ ਅਤੇ ਮਨੁੱਖ ਵਿਚਕਾਰ ਗਲਬਾਤ ਦੀਆਂ ਤਾਰਾਂ [ਫ਼ਰਿਸ਼ਤਿਆਂ] ਦੇ ਹੱਥ ਹੁੰਦੀਆਂ ਹਨ। ਇਸ ਕਰਕੇ ਮਨੁੱਖ ਵੱਲੋਂ ਮਿਲਿਆ ਸਾਰਾ ਪ੍ਰਕਾਸ ਅਤੇ ਮਨੁੱਖ ਵੱਲੋਂ ਕੀਤੀ ਗਈ ਸਾਰੀ ਬੰਦਗੀ ਅਤੇ ਬੇਨਤੀ ਆਪਣੇ ਮਕਸਦ ਤਕ ਤਦੇ ਪਹੁੰਚ ਸਕਦੀ ਹੈ ਜੇ ਇਹ ਉਨ੍ਹਾਂ ਦੇ ਵਸੀਲੇ ਨਾਲ ਅਤੇ ਉਨ੍ਹਾਂ ਦੀ ਇਜਾਜ਼ਤ ਨਾਲ ਹੋਵੇ। ਇਸ ਕਰਕੇ ਇਹ ਸਿਆਣਪ ਦੀ ਗੱਲ ਲੱਗੀ ਅਤੇ ਉਨ੍ਹਾਂ ਦੀ ਸਾਖ ਦਾ ਫ਼ਾਇਦਾ ਲਿਆ ਜਾਵੇ ਅਤੇ ਜਿਵੇਂ ਚਾਹੁੰਦੇ ਹਨ ਉਵੇਂ ਹੀ ਕੀਤਾ ਜਾਵੇ।[22]

ਇਸ ਤੋਂ ਇਲਾਵਾ ਉਨ੍ਹਾਂ ਨੂੰ ਲੱਗਾ ਕਿ ਖ਼ੁਦਾ ਨੇ ਸ਼ਰ੍ਹਾ ਦੇਣ ਲਈ ਮਾਧਿਅਮਾਂ ਦੇ ਰੂਪ ਵਿਚ ਫ਼ਰਿਸ਼ਤਿਆਂ ਦੀ ਵਰਤੋਂ ਕੀਤੀ। ਇਸ ਕਰਕੇ ਸ਼ਰ੍ਹਾ ਨੂੰ ਮੰਨਣ ਦਾ ਮਤਲਬ ਉਨ੍ਹਾਂ ਨੂੰ ਸਨਮਾਨ ਦੇਣਾ ਹੋਵੇਗਾ ਜਦ ਕਿ ਸ਼ਰ੍ਹਾ ਨੂੰ ਤੋੜਨ ਦਾ ਮਤਲਬ ਉਨ੍ਹਾਂ ਨੂੰ ਨਾਰਾਜ਼ ਕਰਨਾ ਹੋਵੇਗਾ। ਇਸ ਸਿੱਖਿਆ ਅਨੁਸਾਰ ਸ਼ਰ੍ਹਾ ਦੀ ਗੱਲ ਮੰਨ ਕੇ ਅਤੇ ਸਖ਼ਤ ਸਰੀਰਕ ਸੰਜਮ ਦੇ ਰਾਹੀਂ ਫ਼ਰਿਸ਼ਤਿਆਂ ਨੂੰ ਸੰਤੁਸ਼ਟ ਕੀਤਾ ਜਾਵੇ।

(7) *ਕੁਝ ਲੋਕਾਂ ਨੇ ਜ਼ਿੰਦਗੀ ਦੇ ਭੌਤਿਕਵਾਦੀ ਵਿਚਾਰ ਨੂੰ ਮੰਨ ਲਿਆ ਹੋ ਸਕਦਾ ਹੈ*। ਜੇ ਉਨ੍ਹਾਂ ਦਾ ਢੰਗ ਇਹ ਸੀ ਤਾਂ ਪੌਲੁਸ ਇਸ ਨੂੰ ''ਸੰਸਾਰ ਦੀਆਂ ਮੂਲ ਗੱਲਾਂ'' (2:8) ਸ਼ਬਦ ਵਿਚ ਦੱਸ ਰਿਹਾ ਸੀ। ਕੁਝ ਲੋਕ ਮੂਰਤੀਆਂ ਦੀ ਪੂਜਾ ਕਰਨ ਤੋਂ ਬਾਹਰ ਨਿੱਕਲੇ ਸਨ। (ਜਿਸ ਵਿਚ ਸੈਕਸ ਦੀਆਂ ਰੀਤਾਂ ਵੀ ਸਨ)। ਨੈਤਿਕਤਾ ਦੇ ਸਬੰਧ ਵਿਚ ਮੂਰਤੀਪੂਜਾ ਦੀ ਫ਼ਿਲਾਸਫ਼ੀ ਵਿਚ ਕੋਈ ਠੋਸ ਮਾਨਕ ਨਹੀਂ ਸਨ ਜਿਹੜੇ ਸੰਸਾਰਿਕਤਾ ਨਾਲ ਲੜ ਸਕਣ। 3:3–9 ਵਿਚ ਪੌਲੁਸ ਦੀ ਫ਼ਿਕਰ ਦਾ ਇਹ ਇਕ ਹਿੱਸਾ ਹੋ ਸਕਦਾ ਹੈ।

(8) *ਪੌਲੁਸ ਨੇ ਸੰਭਵ ਤੌਰ ਤੇ ਯਹੂਦੀ ਰਹੱਸਵਾਦ*, ਫ਼ਿਲਾਸਫ਼ੀ, ਕਾਫ਼ਿਰਾਂ ਦੇ ਰਹੱਸਭਰੇ ਫ਼ਿਰਕਿਆਂ ਦੇ ਵੱਖੋ ਵੱਖ ਵਿਸ਼ਵਾਸਾਂ ਅਤੇ ਧਾਰਮਿਕ ਸਿੱਖਿਆਵਾਂ ਦੇ ਮੇਲ *ਦੀ ਮੁਸ਼ਕਿਲ ਬਾਰੇ ਲਿਖਿਆ।* ਕਲਿੰਟਨ ਈ. ਆਰਨੋਲਡ ਨੇ ਨਿਚੋੜ ਕੱਢਿਆ ਹੈ ਕਿ ਮੁਸ਼ਕਿਲ ਇਹੀ ਸੀ:

> ਕੁਲੁੱਸੀਆਂ ਦਾ ਖ਼ਤ ਵਿਰੋਧੀ ਸਿੱਖਿਆ ਦੀ ਧਮਕੀ ਕਰਕੇ ਲਿਖਿਆ ਗਿਆ ਜਿਹੜੀ ਰਸੂਲ ਨੂੰ ਕਲੀਸੀਆ ਦੀ ਸਿਹਤ ਲਈ ਖ਼ਤਰਨਾਕ ਅਤੇ ਮਸੀਹ ਦੀ ਕਦਰ ਘੱਟ ਕਰਨ ਵਾਲੀ ਲੱਗੀ। ਇਹ ਸਮਨਵੇਵਾਦੀ ''ਫ਼ਿਲਾਸਫ਼ੀ'' ਕੁਲੁੱਸੀਆਂ ਲਈ ਦਿਲਕਸ਼ ਸੀ ਕਿਉਂ ਜੋ ਇਸ ਵਿਚ ਰਸਾਤਲੀ [ਅਪਰਾਧ ਲੋਕ] ਆਤਮਾਵਾਂ, ਪ੍ਰੇਤ [ਅਸਮਾਨੀ, ਅਲੌਕਿਕ] ਸ਼ਕਤੀਆਂ ਅਤੇ ਹਰ ਤਰ੍ਹਾਂ ਦੀ ਬੁਰੀ ਆਤਮਾ ਦੇ ਹਾਨੀਕਾਰਕ ਪ੍ਰਭਾਵ ਤੋਂ ਬਚਣ ਦੇ ਵਾਧੂ ਵਸੀਲੇ ਦਿੰਦੀ ਸੀ।[23]

ਬੇਸ਼ੱਕ ਸਾਨੂੰ ਪੱਕਾ ਨਹੀਂ ਹੈ ਕਿ ਜਿਨ੍ਹਾਂ ਕੁਧਰਮਾਂ ਦੀ ਗੱਲ ਇੱਥੇ ਕੀਤੀ ਗਈ ਹੈ ਉਨ੍ਹਾਂ ਵਿੱਚੋਂ ਕੋਈ

ਕੁਲੁੱਸੇ ਦੀ ਕਲੀਸੀਆ ਵਿਚ ਹੈ ਸੀ ਜਾਂ ਨਹੀਂ, ਪਰ ਪੌਲੁਸ ਦੇ ਖ਼ਤ ਨਾਲ ਉੱਪਰ ਦੱਸੀਆਂ ਗਈਆਂ ਮੁਸਕਿਲਾਂ ਵਿੱਚੋਂ ਕਿਸੇ ਵੀ ਨਾਲ ਨਜਿੱਠਣ ਦੀਆਂ ਸਿੱਖਿਆਵਾਂ ਦਿੱਤੀਆਂ ਗਈਆਂ।

## ਮਕਸਦ ਅਤੇ ਮੁੱਖ ਵਿਸ਼ੇ

### ਮਕਸਦ

ਖ਼ਤ ਦਾ ਮਕਸਦ ਕਿਸੇ ਦੇ ਕੁਲੁੱਸੇ ਵਿਚਲੇ ਕੁਧਰਮ ਤੇ ਵਿਚਾਰ ਕਰਨ ਤੇ ਨਿਰਭਰ ਹੈ। ਜੇ ਕੁਲੁੱਸੇ ਦੀ ਕਲੀਸੀਆ ਵਿਚ ਕੁਧਰਮ ਆ ਚੁੱਕਿਆ ਸੀ ਤਾਂ ਖ਼ਤ ਲਿਖਣ ਦਾ ਪੌਲੁਸ ਦਾ ਮਕਸਦ ਉਨ੍ਹਾਂ ਨੂੰ ਮਸੀਹ ਵਿਚ ਵਫ਼ਾਦਾਰ ਬਣੇ ਰਹਿਣ ਦੀ ਚਿਤਾਵਨੀ ਦੇਣਾ ਸੀ। ਜੇ ਕੁਧਰਮ ਅਜੇ ਵਧਿਆ ਨਹੀਂ ਸੀ ਤਾਂ ਉਸ ਨੇ ਉਨ੍ਹਾਂ ਨੂੰ ਮਸੀਹ ਤੋਂ ਨਾ ਭਟਕਣ ਦੀ ਚਿਤਾਵਨੀ ਦੇਣ ਲਈ ਲਿਖਿਆ ਕਿ ਉਹ ਸਭ ਤੋਂ ਉੱਪਰ ਹੈ ਅਤੇ ਮਸੀਹੀ ਲੋਕਾਂ ਨੂੰ ਸਿਰਫ਼ ਇਸੇ ਦੀ ਲੋੜ ਹੈ।

ਪੌਲੁਸ ਕਿਸੇ ਦੀ ਝੂਠੀ ਸਿੱਖਿਆ ਨੂੰ ਜਿਹੜੀ ਉਨ੍ਹਾਂ ਨੂੰ ਯਿਸੂ ਤੋਂ ਦੂਰ ਲੈ ਜਾਵੇ ਰੋਕਣ ਦਾ ਚਾਹਵਾਨ ਸੀ। ਕਲੀਸੀਆ ਨਵੀਂ ਨਵੀਂ ਸੀ। ਇਸ ਦੇ ਮੈਂਬਰਾਂ ਨੂੰ ਉਨ੍ਹਾਂ ਖ਼ਤਰਿਆਂ ਤੋਂ ਚੌਕਸ ਕਰਨਾ ਜ਼ਰੂਰੀ ਸੀ ਜਿਨ੍ਹਾਂ ਦਾ ਸਾਹਮਣਾ ਉਨ੍ਹਾਂ ਨੂੰ ਕਰਨਾ ਪੈ ਸਕਦਾ ਸੀ। ਉਨ੍ਹਾਂ ਨੇ ਯਿਸੂ ਨੂੰ ਅਨੰਦ ਨਾਲ ਮੰਨ ਲਿਆ ਸੀ ਅਤੇ ਲਗਦਾ ਸੀ ਕਿ ਉਹ ਵਫ਼ਾਦਾਰ ਮਸੀਹੀ ਜੀਵਨ ਜੀਣ ਦੇ ਰਾਹ ਚੱਲ ਰਹੇ ਹਨ। ਪਰ ਅੱਗੇ ਖ਼ਤਰੇ ਸਨ। ਕੁਝ ਲੋਕ ਉਨ੍ਹਾਂ ਨੂੰ ਯਿਸੂ ਦੀਆਂ ਸਿੱਖਿਆਵਾਂ ਨਾਲੋਂ ਵਧ ਕੇ ਕਬੂਲ ਕਰਨ ਲਈ ਮਨਾਉਣ ਦੀ ਕੋਸ਼ਿਸ਼ ਕਰ ਸਕਦੇ ਹਨ। ਮੈਂਬਰ ਇਹ ਕਹਿਣ ਲੱਗ ਪੈ ਸਕਦੇ ਸਨ ਕਿ ਯਿਸੂ ਖ਼ੁਦਾ ਨਾਲੋਂ ਘੱਟ ਹੈ, ਅਤੇ ਖ਼ਬਰਾਂ ਜੋ ਆ ਸਕਦੀਆਂ ਸਨ ਉਹ ਭੌਤਿਕਵਾਦ ਜਾਂ ਬਦਕਾਰੀ ਜਾਂ ਰੂਹਾਨੀਅਤ ਦੀ ਘਾਟ ਦੀਆਂ ਹੋ ਸਕਦੀਆਂ ਸਨ।

ਪੌਲੁਸ ਦਾ ਮਕਸਦ ਮਸੀਹ ਦੀ ਤਰਜੀਹ ਉੱਤੇ ਜ਼ੋਰ ਦੇਣਾ ਸੀ। ਕੋਈ ਵੀ ਸਿੱਖਿਆ ਜਿਹੜੀ ਉਸ ਵੱਲੋਂ ਨਹੀਂ ਹੈ ਉਹ ਖ਼ਤਰਨਾਕ ਹੈ। ਉਹ ਪੂਰੀ ਤਰ੍ਹਾਂ ਨਾਲ ਖ਼ੁਦਾ ਹੈ ਅਤੇ ਮਸੀਹੀ ਆਦਮੀ ਦੀਆਂ ਲੋੜਾਂ ਨੂੰ ਪੂਰਿਆਂ ਕਰਦਾ ਹੈ। ਇਸ ਕਰਕੇ ਪੌਲੁਸ ਨੇ ਉਨ੍ਹਾਂ ਨੂੰ ਯਹੂਦੀ ਅਤੇ ਕਾਫ਼ਿਰ ਸੱਭਿਆਤਾਵਾਂ ਦੀ ਖਿਚ ਜਾਂ ਯੂਨਾਨੀ ਫ਼ਲਸਫ਼ਿਆਂ ਤੋਂ ਪ੍ਰਭਾਵਿਤ ਨਾ ਹੋਣ ਦੀ ਚਿਤਾਵਨੀ ਦਿਤੀ ਜਿਨ੍ਹਾਂ ਤੋਂ ਉਨ੍ਹਾਂ ਨੂੰ ਬਚਾਇਆ ਗਿਆ ਸੀ। ਉਸ ਨੇ ਉਨ੍ਹਾਂ ਨੂੰ ਦੁਨੀਆਂ ਦੀਆਂ ਬਦਕਾਰ ਰੀਤਾਂ ਤੋਂ ਮਰੇ ਹੋਏ ਰਹਿਣ ਅਤੇ ਸੁਰਗੀ ਗੱਲਾਂ ਲਈ ਜ਼ਿੰਦਾ ਹੋਣ ਲਈ ਦਲੇਰ ਕੀਤਾ। ਉਨ੍ਹਾਂ ਅੱਗੇ ਠਹਿਰਾਇਆ ਗਿਆ ਉਸ ਦਾ ਮਕਸਦ ਕੁਫ਼ਰ ਕਰਾਰ ਦਿੱਤੀਆ ਗੱਲਾਂ ਉੱਤੇ ਧਿਆਨ ਕਰਨਾ ਅਤੇ ਆਪਣੀਆਂ ਘਰੇਲੂ ਜ਼ਿੰਮੇਵਾਰੀਆਂ ਨੂੰ ਪੂਰੀ ਵਫ਼ਾਦਾਰੀ ਨਾਲ ਕਰਨਾ ਸੀ।

ਖ਼ਤ ਉਨ੍ਹਾਂ ਨੂੰ ਮਸੀਹ ਦੇ ਮਗਰ ਲੱਗਣ ਲਈ ਦਲੇਰ ਕਰਨ ਵਾਲੇ ਕਵਚ ਦੇ ਰੂਪ ਵਿਚ ਅਤੇ ਕਿਸੇ ਵੀ ਹੋਰ ਰੀਤ ਤੋਂ ਬਚਾਉਣ ਲਈ ਭੇਜਿਆ ਗਿਆ। ਪੌਲੁਸ ਨੇ ਉਨ੍ਹਾਂ ਨੂੰ ਮਸੀਹ ਦੇ ਵਫ਼ਾਦਾਰ ਅਤੇ ਆਪਣੇ ਸੱਭਿਆਚਾਰ ਦੇ ਕੁਧਰਮੀ ਫ਼ਲਸਫ਼ਿਆਂ ਅਤੇ ਰੀਤਾਂ ਅਤੇ ਰੀਤਾਂ ਤੋਂ ਬਚਣ ਦੀ ਚੁਣੌਤੀ ਦਿੱਤੀ।

### ਮੁੱਖ ਵਿਸ਼ੇ

ਕੁਲੁੱਸੀਆਂ ਦੀ ਕਿਤਾਬ ਭਾਵੇਂ ਛੋਟੀ ਹੈ ਪਰ ਇਸ ਵਿਚ ਖ਼ਾਸ ਵਿਸ਼ੇ ਪਾਏ ਜਾਂਦੇ ਹਨ। ਇਸ ਵਿਚ ਬਹੁਤ ਘੱਟ ਗੱਲਾਂ ਹਨ ਜੋ ਨਵੇਂ ਨੇਮ ਦੀ ਕਿਸੇ ਹੋਰ ਕਿਤਾਬ ਵਿਚ ਨਾ ਹੋਣ। ਇਹ ਡਾਕਟ੍ਰਿਨ, ਨੈਤਿਕ ਅਤੇ ਕੁਲੁੱਸੇ ਦੀ ਮੰਡਲੀ ਵਿਚ ਪਾਈਆਂ ਜਾਣ ਵਾਲੀਆਂ ਸਮਾਜਿਕ ਮੁਸ਼ਕਿਲਾਂ ਅਤੇ ਮਸੀਹੀ ਲੋਕਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਗੱਲਾਂ ਦੀ ਚਰਚਾ ਨੂੰ ਸੰਖੇਪ ਕਰਦੀ ਹੈ। ਇਸ ਨੂੰ ਧਿਆਨ ਵਿਚ ਰੱਖਦਿਆਂ ਕਿਤਾਬ ਦੇ ਪੰਜ ਮੁੱਖ ਵਿਸ਼ੇ ਹਨ:

(1) *ਪੌਲੁਸ ਅਤੇ ਭਾਈ।* ਪੌਲੁਸ ਨੇ ਕੁਲੁੱਸੀਆਂ ਦੀ ਪੱਤਰੀ ਵਿਚ ਤਿਮੋਥਿਉਸ, ਮਰਕੁਸ, ਬਰਨਬਾਸ, ਯੂਸਤੁਸ, ਲੂਕਾ ਅਤੇ ਦੇਮਾਸ ਨਾਮਕ ਕਈ ਸਾਥੀਆਂ ਦਾ ਨਾਂਅ ਲਿਆ (1: 1; 4: 10–14)। ਉਹਨੇ ਉਨ੍ਹਾਂ ਦੀ ਜਿਹੜੇ ਉਹਦੇ ਨਾਲ ਸਨ, ਚਿੰਤਾ, ਲਗਾਅ ਦੇ ਨਾਲ ਨਾਲ ਯਿਸੂ ਦੇ ਮਗਰ ਚੱਲਣ ਵਾਲਿਆਂ ਦੇ ਲਈ ਆਪਣੇ ਪ੍ਰੇਮ ਨੂੰ ਵਿਖਾਇਆ।

ਪੌਲੁਸ ਦੀ ਦਿਲਚਸਪੀ ਨਾ ਸਿਰਫ਼ ਉਨ੍ਹਾਂ ਲੋਕਾਂ ਵਿਚ ਸੀ ਜਿਨ੍ਹਾਂ ਨੂੰ ਉਹ ਜਾਣਦਾ ਸੀ ਬਲਕਿ ਉਹ ਉਨ੍ਹਾਂ ਸਾਥੀ ਮਸੀਹ ਲੋਕਾਂ ਲਈ ਵੀ ਜਿਨ੍ਹਾਂ ਨੂੰ ਉਸ ਨੇ ਕਦੇ ਵੇਖਿਆ ਨਹੀਂ ਸੀ ਆਪਣਾ ਫ਼ਰਜ਼ ਸਮਝਦਾ ਸੀ। ਉਹ ਕੁਲੁੱਸੀਆਂ ਲਈ ਦੁਆ ਕਰਦਾ ਰਿਹਾ ਅਤੇ ਉਨ੍ਹਾਂ ਵਿਚ ਰੂਹਾਨੀ ਤਰੱਕੀ ਨੂੰ ਵਧਦਿਆਂ ਅਤੇ ਮਸੀਹੀ ਪ੍ਰਤੀ ਸੱਚੇ ਸਮਰਪਣ ਨੂੰ ਵੇਖਣ ਦਾ ਚਾਹਵਾਨ ਸੀ (1: 1–14)। ਉਸ ਨੇ ਇਸ ਉਮੀਦ ਨਾਲ ਦੁੱਖ ਝੱਲੇ ਕਿ ਸਭ ਵਫ਼ਾਦਾਰਾਂ ਨੂੰ ਪਰਿਪੱਕ ਅਤੇ ਮਜ਼ਬੂਤ ਕਰੇ। ਅਤੇ ਯਿਸੂ ਵਿਚ ਮਿਲਣ ਵਾਲੀਆਂ ਖ਼ੁਦਾ ਦੀਆਂ ਬਰਕਤਾਂ ਦੇ ਭੇਤ ਨੂੰ ਗੁਆਚੇ ਹੋਏ ਲੋਕਾਂ ਨਾਲ ਵੰਡੇ (1:24–29)।

(2) *ਉੱਚਾ ਕੀਤਾ ਗਿਆ ਮਸੀਹ।* ਪੌਲੁਸ ਦੇ ਅਨੁਸਾਰ ਸਾਰੀ ਸੱਚੀ ਸਿੱਖਿਆ ਦਾ ਅਧਾਰ ਯਿਸੂ ਦੀ ਮਹਾਨਤਾ ਅਤੇ ਇਖ਼ਤਿਆਰ ਹੈ। ਉਸ ਵਿਚ ਖ਼ੁਦਾ ਦਾ ਸਰੂਪ ਹੈ, ਉਹ ਰਚਨਹਾਰਾ ਹੈ, ਸਭ ਉੱਤੇ ਰਾਜ ਕਰਦਾ ਹੈ ਅਤੇ ਕਲੀਸੀਆ ਦਾ ਸਿਰ ਹੈ (1: 15–18)। ਸਲੀਬ ਉੱਤੇ ਆਪਣੇ ਲਹੂ ਦੇ ਰਾਹੀਂ ਉਸ ਨੇ ਖ਼ੁਦਾ ਨਾਲ ਮੇਲ ਸੰਭਵ ਬਣਾ ਦਿੱਤਾ ਹੈ (1:20–23)। ਸਾਰਾ ਅਸਲ ਗਿਆਨ ਅਤੇ ਸਮਝ (2:3) ਅਤੇ ਖ਼ੁਦਾਈ ਭਰਪੂਰੀ ਮਸੀਹ ਵਿਚ ਹਨ (2:9, 10)।

ਮਸੀਹ ਨਾਲ ਸਬੰਧਿਤ ਇਨ੍ਹਾਂ ਸਚਿਆਈਆਂ ਨੂੰ ਪੌਲੁਸ ਨੇ ਕੁਲੁੱਸੀਆਂ ਨੂੰ ਮਨੁੱਖੀ ਸਮਝ ਅਤੇ ਸਿੱਖਿਆਵਾਂ ਵਿਚ ਨਾ ਮੁੜ ਜਾਣ ਦੀ ਚਿਤਾਵਨੀ ਦੇਣ ਲਈ ਕਿਹਾ। ਉਨ੍ਹਾਂ ਨੂੰ ਯਿਸੂ ਦੇ ਵਫ਼ਾਦਾਰ ਰਹਿਣ, ਉਸ ਵਿਚ ਬਣੇ ਰਹਿਣ ਅਤੇ ਮਨੁੱਖਾਂ ਦੇ ਫ਼ਲਸਫ਼ਿਆਂ ਅਤੇ ਕਾਇਦਿਆਂ ਜਾਂ ਰਹੱਸਭਰੀਆਂ ਧਾਰਮਿਕ ਰੀਤਾਂ ਨੂੰ ਮੰਨ ਕੇ ਆਪਣੇ ਇਨਾਮ ਨੂੰ ਗੁਆਉਣਾ ਨਹੀਂ ਸੀ (2:4–8, 18–23)। ਨਾ ਹੀ ਜੀਣ ਲਈ ਸ਼ਰ੍ਹਾ ਉਨ੍ਹਾਂ ਦੀ ਗਾਈਡ ਹੋਣੀ ਸੀ, ਕਿਉਂ ਜੋ ਇਸ ਨੂੰ ਯਿਸੂ ਦੀ ਸਲੀਬ ਤੇ ਕਿੱਲਾਂ ਨਾਲ ਠੋਕ ਦਿੱਤਾ ਗਿਆ ਸੀ (2: 14–17)।

(3) *ਮਸੀਹ ਵਿਚ ਨਵਾਂ।* ਮਸੀਹ ਦੇ ਸਰਵਸ਼ਕਤੀਮਾਨ ਹੋਣ ਕਰਕੇ ਉਹ ਬਪਤਿਸਮੇ ਵਿਚ ਉਹਦੇ ਨਾਲ ਦਫ਼ਨਾਏ ਜਾ ਕੇ ਅਤੇ ਜੀ ਉੱਠ ਕੇ ਤਾਂ ਜੋ ਉਨ੍ਹਾਂ ਦੇ ਪਾਪ ਮਾਫ਼ ਹੋ ਸਕਣ, ਨਵੇਂ ਬਣਾਇਆ ਗਿਆ ਸੀ (2: 11–13)। ਯਿਸੂ ਨਾਲ ਉਨ੍ਹਾਂ ਦੀ ਸ਼ਮੂਲੀਅਤ ਜ਼ਿੰਦਗੀ ਬਦਲ ਦੇਣ ਵਾਲਾ ਪ੍ਰਭਾਵ ਹੋਣਾ ਸੀ। ਉਹ ਮਸੀਹ ਦੇ ਨਾਲ ਮਰ ਗਏ ਸਨ (2:20) ਅਤੇ ਉਸ ਦੇ ਨਾਲ ਜਿਵਾਏ ਗਏ ਸਨ (3: 1–3)। ਇਸ ਕਰਕੇ ਉਨ੍ਹਾਂ ਦੀ ਦਿਸ਼ਾ ਅਤੇ ਉਦੇਸ਼ ਬਦਲਣੇ ਜ਼ਰੂਰੀ ਸਨ। ਜੀਣ ਦਾ ਉਨ੍ਹਾਂ ਦਾ ਢੰਗ ਫ਼ਰਕ ਹੋਣਾ ਸੀ। ਉਨ੍ਹਾਂ ਨੇ ਬਦਕਾਰੀ ਦੀਆਂ ਰੀਤਾਂ ਨੂੰ ਬੰਦ ਕਰਕੇ ਕੁਧਰਮ ਦੇ ਕੰਮਾਂ ਤੇ ਫ਼ਤਹਿ ਪਾਉਣੀ ਸੀ (3:5–9)। ਉਨ੍ਹਾਂ ਨੇ ਉਹ ਗੁਣ ਅਪਣਾਉਣੇ ਸਨ ਜਿਹੜੇ ਯਿਸੂ ਵਿਚ ਪਾਏ ਜਾਂਦੇ ਸਨ (3: 10–14)। ਇਸ ਨਾਲ ਦੇਹ ਵਿਚ ਏਕਤਾ ਹੋਣੀ ਸੀ (3: 15)।

ਮਸੀਹ ਵਿਚ ਵੱਡੀਆਂ ਵੱਡੀਆਂ ਬਰਕਤਾਂ ਪਾਉਣ ਦੇ ਬਾਅਦ ਕੁਲੁੱਸੇ ਦੇ ਲੋਕ ਆਪਣੇ ਦਿਲਾਂ ਨਾਲ ਗੀਤ ਗਾਉਂਦਿਆਂ ਖ਼ੁਦਾ ਦੀ ਵਡਿਆਈ ਕਰ ਸਕਦੇ ਸਨ (3: 16)। ਉਨ੍ਹਾਂ ਲਈ ਸਿਰਫ਼ ਸ਼ਬਦਾਂ ਨਾਲ ਹੀ ਨਹੀਂ ਬਲਕਿ ਆਪਣੇ ਕੰਮਾਂ ਨਾਲ ਵੀ ਮਸੀਹ ਨੂੰ ਖੁਸ਼ ਕਰਨਾ ਜ਼ਰੂਰੀ ਸੀ (3: 17)।

(4) *ਘਰੇਲੂ ਵਿਚਾਰ।* ਦੂਜਿਆਂ ਨਾਲ ਉਨ੍ਹਾਂ ਦੇ ਸਬੰਧ ਯਿਸੂ ਦੇ ਨਿਯਮਾਂ ਨਾਲ ਚਲਾਏ ਜਾਣੇ ਸਨ। ਘਰਾਂ ਵਿਚ ਪਤੀਆਂ ਨੇ ਆਗੂ ਹੋਣਾ ਸੀ, ਪਤਨੀਆਂ ਨੇ ਆਪਣੇ ਪਤੀਆਂ ਨਾਲ ਸਹਿਯੋਗ ਕਰਨਾ ਸੀ, ਬੱਚਿਆਂ ਨੇ ਆਪਣੇ ਮਾਪਿਆਂ ਦਾ ਹੁਕਮ ਮੰਨਣਾ ਸੀ, ਸੇਵਕਾਂ ਨੇ ਆਪਣੇ ਮਾਲਕਾਂ ਦੀ ਗੱਲ ਮੰਨਣੀ ਸੀ ਅਤੇ ਮਾਲਕਾਂ ਨੇ ਆਪਣੇ ਦਾਸਾਂ ਨਾਲ ਈਮਾਨਦਾਰੀ ਨਾਲ ਅਤੇ ਨਿਸ਼ਕਪਟਤਾ ਨਾਲ ਵਿਹਾਰ ਕਰਨਾ ਸੀ (3: 18—4: 1)।

(5) *ਮਸੀਹ ਵਿਚ ਮਾਫ਼ੀ।* 1:14 ਵਿਚ ਪੌਲੁਸ ਨੇ ਪਾਪਾਂ ਦੀ ਮਾਫ਼ੀ ਦੀ ਜਾਣ ਪਛਾਣ ਦਿੱਤੀ ਅਤੇ 2:11–13 ਵਿਚ ਉਸ ਮਾਫ਼ੀ ਵਿਚ ਆਉਣ ਦੀ ਚਰਚਾ ਕੀਤੀ। ਉਸ ਨੇ ਮਰਕੁਸ ਅਤੇ ਲੂਕਾ ਨਾਮ ਦੋ ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਲੇਖਕਾਂ ਦਾ ਨਾਂਅ ਲਿਆ (4:10, 14), ਜਿਨ੍ਹਾਂ ਨੇ ਇੰਜੀਲ ਦੇ ਵਿਰਤਾਂਤ ਲਿਖੇ ਸਨ। ਉਨ੍ਹਾਂ ਦੇ ਲੇਖਾਂ ਵਿਚ ਇਸ ਮਹਾਨ ਵਿਸ਼ੇ ਸਬੰਧੀ ਯਿਸੂ ਅਤੇ ਮੁੱਢਲੀ ਕਲੀਸੀਆ ਦੀਆਂ ਸਿੱਖਿਆਵਾਂ ਹਨ।

ਕੁਲੁੱਸੀਆਂ ਦੇ ਗੌਰ ਨਾਲ ਅਧਿਐਨ ਨਾਲ ਮਸੀਹੀ ਲੋਕਾਂ ਨੂੰ ਯਿਸੂ ਦੀ ਸਮਝ ਗਹਿਰਾਈ ਨਾਲ ਹੋ ਜਾਣੀ ਚਾਹੀਦੀ ਹੈ। ਜਿਸ ਨਾਲ ਉਨ੍ਹਾਂ ਨੂੰ ਉਸ ਦੇ ਮਗਰ ਚੱਲਣ ਦੀ ਪ੍ਰੇਰਣਾ ਮਿਲੇ। ਜੋ ਕੁਝ ਉਹ ਹੈ ਅਤੇ ਜੋ ਕੁਝ ਉਸ ਨੇ ਸਾਡੇ ਲਈ ਕੀਤਾ ਕਿ ਅਸੀਂ ਖੁਸ਼ ਹੋ ਸਕੀਏ ਅਤੇ ਇੱਥੇ ਸਾਨੂੰ ਉਪਯੋਗੀ ਜੀਵਨ ਮਿਲ ਸਕੇ ਅਤੇ ਸੁਰਗ ਵਿਚ ਅਸੀਂ ਉਹਦੇ ਨਾਲ ਰਹਿ ਸਕੀਏ, ਉਹਦੇ ਲਈ ਸਾਨੂੰ ਉਸ ਦਾ ਆਦਰ ਕਰਨ ਲੱਗ ਪੈਣਾ ਚਾਹੀਦਾ ਹੈ।

## ਰੂਪਰੇਖਾ

I. ਸਲਾਮ (1:1, 2)
  ੳ. ਪੌਲੁਸ ਅਤੇ ਤਿਮੋਥਿਉਸ ਦੀ ਤਰਫੋਂ (1:1)
  ਅ. ਕੁਲੁੱਸੇ ਦੇ ਵਫ਼ਾਦਾਰ ਭਾਈਆਂ ਦੇ ਨਾਂਅ (1:2)

II. ਕੁਲੁੱਸੀਆਂ ਲਈ ਪੌਲੁਸ ਦਾ ਧੰਨਵਾਦ (1:3–8)
  ੳ. ਧਨਵਾਦ ਦੀ ਇਕ ਦੁਆ (1:3)
  ਅ. ਉਨ੍ਹਾਂ ਦਾ ਵਿਸ਼ਵਾਸ ਅਤੇ ਪ੍ਰੇਮ (1:4)
  ੲ. ਸੁਰਗ ਦੀ ਉਨ੍ਹਾਂ ਦੀ ਆਸ (1:5)
  ਸ. ਉਨ੍ਹਾਂ ਦੇ ਵਿਸ਼ਵਾਸ ਨਾਲ ਮਿਲਣ ਵਾਲਾ ਫਲ਼ (1:6)
  ਹ. ਇਪਫ੍ਰਾਸ ਦੀ ਰਿਪੋਰਟ (1:7, 8)

III. ਕੁਲੁੱਸੀਆਂ ਲਈ ਪੌਲੁਸ ਦੀ ਦੁਆ (1:9–14)
  ੳ. ਉਨ੍ਹਾਂ ਦਾ ਗਿਆਨ ਅਤੇ ਰੂਹਾਨੀ ਸਮਝ (1:9)
  ਅ. ਉਨ੍ਹਾਂ ਦਾ ਮਸੀਹੀ ਚਲਣ ਅਤੇ ਫਲ਼ ਲਿਆਉਣਾ (1:10)
  ੲ. ਉਨ੍ਹਾਂ ਦੀ ਰੂਹਾਨੀ ਸ਼ਕਤੀ (1:11, 12)
  ਸ. ਚਾਨਣ ਦੇ ਰਾਜ ਵਿਚ ਉਨ੍ਹਾਂ ਦਾ ਵੜਨਾ (1:12ਅ, 13)
  ਹ. ਮਸੀਹ ਵਿਚ ਉਨ੍ਹਾਂ ਦੀ ਅਤੇ ਸਾਡੀ ਮਾਫ਼ੀ (1:14)

IV. ਮਸੀਹ ਦੀ ਮਹਾਨਤਾ ਦਾ ਇਕ ਵੇਰਵਾ (1:15–20)
  ੳ. ਅਦਿੱਖ ਪਰਮੇਸ਼ੁਰ ਦਾ ਸਰੂਪ ਅਤੇ ਸਾਰੀ ਸਰਿਸ਼ਟੀ ਵਿਚ ਜੇਠਾ (1:15)
  ਅ. ਹਰ ਚੀਜ਼ ਦਾ ਰਚਣਹਾਰਾ (1:16)
  ੲ. ਜਿਹੜਾ ਹਰ ਚੀਜ਼ ਨੂੰ ਕਾਇਮ ਰੱਖਦਾ ਹੈ (1:17)
  ਸ. ਕਲੀਸੀਆ ਦਾ ਸਿਰ ਅਤੇ ਸਰਵਉਚ (1:18, 19)
    1. ਕਲੀਸੀਆ ਦਾ ਸਿਰ (1:18)
    2. ਸਰਿਸ਼ਟੀ ਦਾ ਦੇਣ ਵਾਲਾ (1:18)

3. ਮੁਰਦਿਆਂ ਵਿੱਚੋਂ ਜੀ ਉੱਠਣ ਵਾਲਿਆਂ ਵਿੱਚੋਂ ਜੇਠਾ (1:18)
4. ਸਭ ਗੱਲਾਂ ਵਿਚ ਪ੍ਰਧਾਨ (1:18)
5. ਸਾਰੀ ਭਰਪੂਰੀ ਓਸੇ ਵਿਚ (1:19)

ਹ. ਮੇਲ ਮਿਲਾਪ ਦਾ ਅਧਾਰ (1:20)

V. ਮਸੀਹ ਦੇ ਰਾਹੀਂ ਮੇਲ ਲਈ ਪੌਲੁਸ ਦਾ ਭਰੋਸਾ (1:21–23)

ੳ. ਉਨ੍ਹਾਂ ਦੀ ਪਹਿਲੀ ਹਾਲਤ (1:21)
ਅ. ਮਸੀਹ ਦੀ ਮੌਤ ਦੇ ਰਾਹੀਂ ਉਨ੍ਹਾਂ ਦਾ ਮੇਲ (1:22)
ੲ. ਉਨ੍ਹਾਂ ਦੀ ਲੋੜੀਂਦੀ ਵਫ਼ਾਦਾਰੀ (1:23)

VI. ਕੁਲੁੱਸੀਆਂ ਲਈ ਪੌਲੁਸ ਦੀਆਂ ਮਿਹਨਤਾਂ (1:24–29)

ੳ. ਉਸ ਦਾ ਆਨੰਦ: ਉਨ੍ਹਾਂ ਲਈ ਦੁੱਖ ਝੱਲਣਾ (1:24)
ਅ. ਉਨ੍ਹਾਂ ਉੱਤੇ ਭੇਤ ਪਰਗਟ ਕੀਤਾ ਗਿਆ (1:25–27)
ੲ. ਉਨ੍ਹਾਂ ਲਈ ਉਸ ਦਾ ਟੀਚਾ, ਮਸੀਹ ਵਿਚ ਭਰਪੂਰੀ (1:28, 29)

VII. ਪੌਲੁਸ ਦਾ ਐਲਾਨ: ਸਮਝ ਅਤੇ ਗਿਆਨ ਦਾ ਦਾਤਾ (2:1–7)

ੳ. ਉਸ ਦੀ ਇੱਛਾ: ਖ਼ੁਦਾ ਦੇ ਭੇਤ ਦੀ ਉਨ੍ਹਾਂ ਦੀ ਪੂਰੀ ਸਮਝ (2:1, 2)
ਅ. ਉਸ ਦਾ ਮੁਕਾਸ਼ਫ਼ਾ: ਸਾਰੀ ਸਮਝ ਅਤੇ ਗਿਆਨ ਮਸੀਹ ਵਿਚ (2:3, 4)
ੲ. ਉਸ ਦਾ ਆਨੰਦ: ਮਸੀਹ ਵਿਚ ਉਨ੍ਹਾਂ ਦੀ ਨਿਹਚਾ (2:5)
ਸ. ਉਸ ਦੀ ਸਿੱਖਿਆ: ਜਿਵੇਂ ਉਨ੍ਹਾਂ ਨੇ ਮਸੀਹ ਨੂੰ ਕਬੂਲ ਕੀਤਾ ਸੀ ਉਵੇਂ ਹੀ ਉਸ ਵਿਚ ਚੱਲਣਾ (2:6)
ਹ. ਉਸ ਦੀ ਦਲੇਰੀ: ਮਸੀਹ ਵਿਚ ਮਜ਼ਬੂਤ ਹੋਣਾ (2:7)

VIII. ਮਸੀਹ ਦੀ ਭਰਪੂਰੀ ਦੀ ਪੌਲੁਸ ਦੀ ਤਸਵੀਰ (2:8–15)

ੳ. ਮਨੁੱਖਾਂ ਦੀਆਂ ਸਿੱਖਿਆਵਾਂ ਨਾਲ ਲੁੱਟੇ ਨਾ ਜਾਣ ਦੀ ਚਿਤਾਵਨੀ (2:8)
ਅ. ਪਰਮੇਸ਼ੁਰ ਮਸੀਹ ਵਿਚ ਦੇਹਧਾਰੀ ਹੋਇਆ (2:9)
ੲ. ਮਸੀਹ ਵਿਚ ਭਰਪੂਰੀ (2:10, 11)
ਸ. ਜ਼ਿੰਦਗੀ ਅਤੇ ਮਾਫ਼ੀ ਮਸੀਹ ਵਿਚ (2:12, 13)
ਹ. ਸ਼ਰ੍ਹਾ ਦੀਆਂ ਵਿਧੀਆਂ ਤੋਂ ਛੁਟਕਾਰਾ ਮਸੀਹ ਵਿਚ (2:14)
ਕ. ਮਸੀਹ ਰਾਹੀਂ ਵਿਖਾਇਆ ਗਿਆ ਵਿਰੋਧ (2:15)

IX. ਸਿਰ ਦੇ ਨਾਲ ਜੁੜੇ ਰਹਿਣ ਦੀ ਪੌਲੁਸ ਦੀ ਸਿੱਖਿਆ (2:16–23)

ੳ. ਸ਼ਰ੍ਹਾ ਦੀ ਥਾਂ ਮਸੀਹ ਦੇ ਮਗਰ ਚੱਲਣਾ (2:16, 17)
ਅ. ਮਨੁੱਖਾਂ ਦੀਆਂ ਰੀਤਾਂ (2:18, 19)
ੲ. ਸੰਸਾਰ ਦੇ ਨਿਯਮਾਂ ਤੋਂ ਮਸੀਹ ਦੇ ਨਾਲ ਮਰ ਜਾਣਾ (2:20–23)

X. ਮਸੀਹ ਵਿਚ ਨਵੀਂ ਜ਼ਿੰਦਗੀ ਦੀ ਇਕ ਪਰਿਭਾਸ਼ਾ (3:1–14)

ੳ. ਉਤਾਹਾਂ ਦੀਆਂ ਗੱਲਾਂ ਦੀ ਇੱਛਾ ਕਰਨਾ (3:1–4)

ਅ. ਆਪਣੇ ਬਦਕਾਰੀ ਭਰੇ ਅਤੀਤ ਨੂੰ ਮਾਰ ਸੁੱਟਣਾ (3:5–7)
ੲ. ਭਗਤੀ ਰਹਿਤ ਵਿਹਾਰ ਨੂੰ ਲਾਹ ਸੁੱਟਣਾ (3:8, 9)
ਸ. ਮਸੀਹ ਦੇ ਸਰੂਪ ਵਿਚ ਨਵੇਂ ਹੋ ਜਾਣਾ (3:10, 11)
ਹ. ਭਗਤੀ ਦੇ ਗੁਣਾਂ ਨੂੰ ਪਹਿਨ ਲੈਣਾ (3:12–14)

XI. ਮਸੀਹ ਨੂੰ ਜਵਾਬ (3:15–17)
ੳ. ਉਸ ਦੀ ਸ਼ਾਂਤੀ ਨੂੰ ਕਬੂਲ ਕਰਨਾ (3:15)
ਅ. ਗਾ ਕੇ ਉਸ ਦੀ ਬੰਦਗੀ ਕਰਨਾ (3:16)
ੲ. ਸਭ ਕੁਝ ਓਸੇ ਦੇ ਨਾਂਅ ਵਿਚ ਕਰਨਾ (3:17)

XII. ਸਬੰਧਾਂ ਵਿਚ ਜ਼ਿੰਮੇਵਾਰੀਆਂ (3:18–4:1)
ੳ. ਪਤੀਆਂ ਲਈ ਪਤਨੀਆਂ ਦੀ (3:18)
ਅ. ਪਤਨੀਆਂ ਲਈ ਪਤੀਆਂ ਦੀ (3:19)
ੲ. ਮਾਪਿਆਂ ਲਈ ਬੱਚਿਆਂ ਦੀ (3:20)
ਸ. ਬੱਚਿਆਂ ਲਈ ਮਾਪਿਆਂ ਦੀ (3:21)
ਹ. ਮਾਲਕਾਂ ਲਈ ਦਾਸਾਂ ਦੀ (3:22–25)
ਕ. ਦਾਸਾਂ ਲਈ ਮਾਲਕਾਂ ਦੀ (4:1)

XIII. ਆਖ਼ਰੀ ਟਿੱਪਣੀਆਂ (4:2–18)
ੳ. ਸਿੱਖਿਆਵਾਂ (4:2–6)
1. ਦੁਆ ਕਰਨ ਦੀ, ਖ਼ਾਸ ਕਰ ਪੌਲੁਸ ਵਾਸਤੇ (4:2–4)
2. ਬਾਹਰ ਵਾਲਿਆਂ ਨਾਲ ਸਿਆਣਪ ਨਾਲ ਕੰਮ ਕਰਨ ਦੀ (4:5, 6)
ਅ. ਹਦਾਇਤਾਂ ਅਤੇ ਸਿਫ਼ਾਰਿਸ਼ਾਂ (4:7–9)
1. ਤੁਖਿਕੁਸ ਦੇ ਸਬੰਧ ਵਿਚ (4:7, 8)
2. ਉਨੇਸਿਮੁਸ ਦੇ ਸਬੰਧ ਵਿਚ (4:9)
ੲ. ਸਲਾਮ ਅਤੇ ਟਿੱਪਣੀਆਂ (4:10–18)
1. ਨਾਲ ਕੰਮ ਕਰਨ ਵਾਲਿਆਂ ਵੱਲੋਂ (4:10–14)
ੳ. ਯਹੂਦੀ ਮਸੀਹੀ ਲੋਕਾਂ ਵੱਲੋਂ (4:10, 11)
ਅ. ਗੈਰਕੌਮ ਮਸੀਹੀ ਲੋਕਾਂ ਵੱਲੋਂ (4:12–14)
2. ਸਲਾਮ ਅਤੇ ਭਾਈਆਂ ਲਈ ਟਿੱਪਣੀਆਂ (4:15–17)
ੳ. ਲਾਉਦੀਕੀਆ ਦੇ ਲੋਕਾਂ ਅਤੇ ਨੁਮਫ਼ਾਸ ਦੇ ਨਾਂਅ (4:15)
ਅ. ਪੌਲੁਸ ਦੇ ਖ਼ਤ ਪੜ੍ਹੇ ਜਾਣ ਸਬੰਧੀ (4:16)
ੲ. ਅਰਖਿੱਪੁਸ ਦੇ ਨਾਂਅ (4:17)
3. ਆਖ਼ਰੀ ਟਿੱਪਣੀਆਂ (4:18)

---

ਟਿੱਪਣੀਆਂ

[1]ਅਰੰਸਟ ਥਿਓਡੋਰ ਮੇਅਰਹੌਫ਼, *ਡੇਰ ਬ੍ਰੀਫ਼ ਐਨ ਡਾਈ ਕੋਲੋਸਰ, ਮਿਟ ਵੋਰਨੇਹਮਲਿਚਰ ਬੇਰੀਕਚਟਿਗੁੰਗ ਡੇਰ ਡ੍ਰੇ ਪਾਸਟਰਲਬ੍ਰੀਫ਼ੇ, ਕ੍ਰਿਟਿਸ਼ ਗੇਪਰੀਫ਼ਟ* (ਬਰਲਿਨ: ਹਰਮੱਨ ਸ਼ੁਜ਼, 1838)। [2]ਹੈਨਰੀ ਕਲੇਰੈਂਸ ਥਿਅਸਨ, *ਇੰਟ੍ਰੋਡਕਸ਼ਨ ਟੂ ਦ ਨਿਊ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1943), 229–30. [3]ਡੋਨਲਡ ਗੁਥਰੀ, *ਨਿਊ ਟੈਸਟਾਮੈਂਟ ਇੰਟ੍ਰੋਡਕਸ਼ਨ,* ਜਿਲਦ ਤੀਜੀ, ਸੋਧ (ਡਾਊਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1970), 554. [4]ਰੌਬਰਟ ਜੀ. ਬ੍ਰੇਚਰ ਐਂਡ ਯੂਜੀਨ ਏ. ਨਿਡਾ ਨੇ ਕੁਲੁੱਸੀਆਂ ਅਤੇ ਅਫ਼ਸੀਆਂ ਵਿਚਕਾਰ ਸਬੰਧ ਦੀ ਚਰਚਾ ਕੀਤੀ: ''ਕੁਲੁੱਸੀਆਂ ਕਿਸੇ ਤਰ੍ਹਾਂ ਅਫ਼ਸੀਆਂ ਨਾਲ ਵੀ ਜੁੜਿਆ ਹੈ। ਦੋਹਾਂ ਖ਼ਤਾਂ ਦੀ ਸਮੱਗਰੀ ਵਿਚ ਸਪੱਸ਼ਟ ਸਮਾਨਤਾਵਾਂ ਤੋਂ ਇਲਾਵਾ ਪੌਲੁਸ ਜੇਲ੍ਹ ਵਿਚ ਹੈ [ਅਫ਼ਸੀਆਂ 6:20] ਅਤੇ ਤੁਖਿਕੁਸ ਨੂੰ ਮਿਲਦਾ ਜੁਲਦਾ ਕਮੀਸ਼ਨ ਦੇ ਕੇ ਪਾਠਕਾਂ ਨੂੰ ਇਹ ਦੱਸਣ ਲਈ ਭੇਜਿਆ ਜਾ ਰਿਹਾ ਹੈ ਕਿ ਕਿਵੇਂ ਪੌਲੁਸ ਇਕੱਲਾ ਹੈ [ਅਫ਼ਸੀਆਂ 6:21, 22]'' (ਰੌਬਰਟ ਜੀ. ਬ੍ਰੇਚਰ ਐਂਡ ਯੂਜੀਨ ਏ. ਨਿਡਾ, *ਏ ਟ੍ਰਾਂਸਲੇਟਰਜ਼ ਹੈਂਡਬੁਕ ਆਨ ਪੌਲ'ਜ਼ ਲੈਟਰਜ਼ ਟੂ ਦ ਕੋਲੋਸੀਅੰਜ਼ ਐਂਡ ਫਿਲੇਮੋਨ,* ਹੈਲਪ ਫ਼ਾਰ ਟ੍ਰਾਂਸਲੇਟਰਜ਼ [ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ਼, 1977], 1)। [5]ਇਨ੍ਹਾਂ ਸਮਾਨਤਾਵਾਂ ਤੇ ਹੋਰ ਚਰਚਾ ਲਈ ਵੇਖੋ, ਐਚ. ਸੀ. ਜੀ. ਮਾਉਲ, *ਦ ਐਪਿਸਟਲਜ਼ ਟੂ ਦ ਕੋਲੋਸੀਅੰਜ਼ ਐਂਡ ਟੂ ਫਿਲੇਮੋਨ,* ਦ ਕੈਂਬ੍ਰਿਜ ਬਾਈਬਲ ਫ਼ਾਰ ਸਕੂਲਜ਼ ਐਂਡ ਕਾਲੇਜਜ਼ (ਕੈਂਬ੍ਰਿਜ: ਯੂਨੀਵਰਸਿਟੀ ਪ੍ਰੈੱਸ, 1893; ਰੀਪ੍ਰਿੰਟ, 1902), 47–49. [6]ਕਰਟਿਸ ਵਾਅਨ, *ਕੋਲੋਸੀਅੰਜ਼ ਐਂਡ ਫਿਲੇਮੋਨ,* ਬਾਈਬਲ ਸਟੱਡੀ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1980), 15. [7]ਕ੍ਰਿਸੋਸਟੌਮ *ਕੋਲੋਸੀਅੰਜ਼* 1. ਐਵਰੱਟ ਫ਼ਰਗਯੁਸਨ, *ਅਰਲੀ ਕ੍ਰਿਸਚਿਅੰਜ਼ ਸਪੀਕ* (ਅਬਿਲੇਨ, ਟੈਕਸਸ: ਬਿਬਲੀਕਲ ਰਿਸਰਚ ਪ੍ਰੈੱਸ, 1981), 244; ਅਤੇ ਰਾਲਫ਼ ਪੀ. ਮਾਰਟਿਨ, *ਕੋਲੋਸੀਅੰਜ਼ ਐਂਡ ਫਿਲੇਮੋਨ,* ਨਿਊ ਸੈਂਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1973), 217 ਵੀ ਵੇਖੋ। [8]ਇਨ੍ਹਾਂ ਤਰੀਕਾਂ ਤੇ ਹੋਰ ਅਧਿਐਨ ਲਈ, ਵੇਖੋ ਕੌਲਿਨ ਜੇ. ਹੇਮਰ, *ਦ ਬੁਕ ਆਫ਼ ਐਕਟਸ ਇਨ ਦ ਸੈਟਿੰਗ ਆਫ਼ ਹੇਲੇਨਿਸਟਿਕ ਹਿਸਟਰੀ,* ਸੰਪਾ. ਕੋਨਰਡ ਐਚ. ਜੇਮਫ਼ (ਵਾਇਨੋਨਾ ਲੇਕ, ਇੰਡਿਆਨਾ: ਈਸਨਬ੍ਰਾਊਂਜ਼, 1990), 169–71. [9]ਪਲਾਇਨੀ *ਨੈਚੁਰਲ ਹਿਸਟਰੀ* 21.51. [10]ਟੇਸਿਟੁਸ *ਐਨਲਸ* 14.27.

[11]*ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ,* ਸੋਧ ਅਤੇ ਸੰਪਾ. ਜਿਓਫਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1979), 1:732. [12]ਜ਼ੀਨੋਫ਼ੋਨ *ਅਨਾਬੇਸਿਸ* 1.2.6. [13]ਹੇਰੋਦੋਤਸ *ਹਿਸਟਰੀਜ਼* 7.30. [14]ਜੋਸੇਫ਼ਸ *ਐਂਟੀਕੁਇਟੀਜ਼* 12.3.4. [15]ਵੇਖੋ ਜੇ. ਬੀ. ਲਾਈਟਫ਼ੁਟ, *ਸੇਂਟ ਪੌਲ'ਜ਼ ਐਪਿਸਟਲਜ਼ ਟੂ ਦ ਕੋਲੋਸੀਅੰਜ਼ ਐਂਡ ਟੂ ਫਿਲੇਮੋਨ,* ਸੋਧ (ਲੰਦਨ: ਮੈਕਮਿਲਨ ਐਂਡ ਕੰ., 1916), 20. [16]ਸਟ੍ਰੈਬੋ *ਜੌਗਰਫ਼ੀ* 12.8.13. [17]ਰੋਮੀ ਹਕੂਮਤ ਦੀ ਸ਼ੁਰੂਆਤ ਰਸਮੀ ਤੌਰ ਤੇ 16 ਜਨਵਰੀ 27 ਈ: ਪੂ: ਵਿਚ ਹੋਈ। *ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ,* ਸੋਧ, ਸੰਪਾ. ਜਿਓਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1988), 4:208 ਵਿਚ ਐੱਸ. ਐਂਗੁਸ ਅਤੇ ਏ. ਐੱਮ. ਰੈਨਵਿਕ, ''ਰੋਮਨ ਇੰਪਾਇਰ।'' [18]''ਕੁਲੁੱਸੀਆਂ ਵਿਚ ਦਿੱਤੇ ਘੱਟੋ ਘੱਟ ਇਨ੍ਹਾਂ ਤਿੰਨ ਮਸੀਹੀ ਲੋਕਾਂ ਦੇ ਨਾਂਅ ਮੂਰਤੀਆਂ ਦੇ ਦੇਵਤਿਆਂ ਦੇ ਨਾਵਾਂ ਵੱਲ ਇਸ਼ਾਰਾ ਕਰਦੇ ਹਨ: ਤੁਖਿਕੁਸ (ਯੂ. *Tuche* ਤੋਂ=ਕਿਸਮਤ), ਇਪਫ੍ਰਾਸ (ਅਫ਼ਰੋਦੀ ਨਾਲ ਸਬੰਧਿਤ, ਇਪਾਫ਼ਰੋਦਿਤੁਸ ਦਾ ਉਪ ਨਾਂਅ) ਅਤੇ ਨਿੰਫ਼ਾ (... ਨਿੰਫ਼ਾਡੋਰਾ ਤੋਂ, 'ਨਿੰਫ਼ਾਂ ਦਾ ਦਾਨ')'' (ਡੇਵਿਡ ਐਮ. ਹੇਅ, *ਕੋਲੋਸੀਅੰਜ਼,* ਅਬਿੰਗਡਨ ਨਿਊ ਟੈਸਟਾਮੈਂਟ ਕਮੈਂਟਰੀਜ਼ [ਨੈਸ਼ਵਿੱਲ: ਅਬਿੰਗਡਨ ਪ੍ਰੈੱਸ, 2000], 25)। [19]*ਦ ਨਿਊ ਇੰਟਰਨੈਸ਼ਨਲ ਡਿਕਸ਼ਨਰੀ ਆਫ਼ ਦ ਬਾਈਬਲ,* ਸੰਪਾ. ਮੈਰਿਲ ਸੀ. ਟੈਨੀ, ਸੋਧ ਜੇ. ਡੀ. ਡਗਲਸ (ਗ੍ਰੈਂਡ ਰੈਪਿਡਸ, ਮਿਸ਼ਿਗਨ: ਰੀਜੈਂਸੀ ਰੈਫ਼ਰੈਂਸ ਲਾਇਬ੍ਰੇਰੀ, ਜ਼ੌਂਡਰਵਨ ਪਬਲੀਸ਼ਿੰਗ

ਹਾਊਸ, 1987), 393 ਵਿਚ ਪੀਟਰ ਟੂਨ, ''ਨੌਸਟਿਸਿਜ਼ਮ।'' [20]ਲਾਈਟਫੁਟ, 71–111. ਲਾਈਟਫ਼ੁਟ ਨੇ ਖਾਰੇ ਸਮੁੰਦਰ ਦੇ ਪੱਤਰਿਆਂ ਤੇ ਅਧਾਰਿਤ ਅਸੇਨੀਵਾਦ ਦੇ ਸਬੰਧ ਵਿਚ ਤਰਕ ਨਹੀਂ ਦਿੱਤਾ, ਕਿਉਂ ਜੋ ਉਸ ਨੇ ਇਨ੍ਹਾਂ ਦੀ ਖੋਜ ਹੋਣ ਤੋਂ ਪਹਿਲਾਂ ਲਿਖਿਆ ਸੀ। [21]ਗੁਥਰੀ, 550. [22]ਈ. ਕੇ. ਸਿੰਪਸਨ ਐਂਡ ਐਫ਼. ਐਫ਼. ਬਰੂਸ, *ਕਮੈਂਟਰੀ ਆਨ ਦ ਐਪੀਸਟਲਜ਼ ਟੂ ਦ ਇਫ਼ੀਸੀਅੰਜ਼ ਐਂਡ ਦ ਕੋਲੋਸੀਅੰਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1957), 167. [23]ਕਲਿੰਟਨ ਈ. ਆਰਨੋਲਡ, *ਦ ਕੋਲੋਸੀਅਨ ਸਿੰਕਰੇਟਿਜ਼ਮ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕਸ, 1996), 308.

---

### ਕੁਲੁੱਸੀਆਂ, ਅਫ਼ਸੀਆਂ, ਅਤੇ ਗਲਾਤੀਆਂ ਵਿਚ ਮਿਲਦੀਆਂ ਜੁਲਦੀਆਂ ਸਿੱਖਿਆਵਾਂ

| | ਕੁਲੁੱਸੀਆਂ | ਅਫ਼ਸੀਆਂ | ਗਲਾਤੀਆਂ |
|---|---|---|---|
| 1. ਮਸੀਹੀ ਲੋਕਾਂ ਲਈ ਅੰਦਰੂਨੀ ਸ਼ਕਤੀ | | 1:11 3:16 | |
| 2. ਮਸੀਹ ਕਲੀਸੀਆ ਦਾ ਸਿਰ | 1:18; 2:19 | 1:22, 23<br>4:15; 5:23 | |
| 3. ਮਸੀਹ ਨੂੰ ਪਹਿਲ | 1:18 | 1:20–22 | |
| 4. ਮਸੀਹ ਦੀ ਭਰਪੂਰੀ | 1:19; 2:9 | 1:23; 3:19 | |
| 5. ਮਸੀਹ ਦੇ ਰਾਹੀਂ ਮਸੀਹੀ ਲੋਕਾਂ ਦੀ ਪਵਿੱਰਤਾਈ | 1:21, 22 | 5:25–27 | |
| 6. ਬੀਤੇ ਯੁੱਗਾਂ ਦਾ ਭੇਤ: ਗੈਰਕੌਮਾਂ ਨੂੰ ਮਿਲਾਉਣਾ | 1:26, 27;<br>2:2; 4:3 | 1:9; 3:3–9;<br>6:19 | |
| 7. ਬਪਤਿਸਮਾ ਲੈਣ ਵਾਲਿਆਂ ਦਾ ਨਿਹਚਾ ਦੇ ਰਾਹੀਂ ਸ਼ੁੱਧ ਕੀਤੇ ਜਾਣਾ | 2:12, 13 | 5:26 | 3:26, 27 |
| 8. ਮਸੀਹ ਦੇ ਨਾਲ ਇਕ ਨਵੀਂ ਜ਼ਿੰਦਗੀ | 2:13; 3:1 | 2:5, 6 | |
| 9. ਸ਼ਰ੍ਹਾ ਦੀਆਂ ਵਿਧੀਆਂ ਦਾ ਮਿਟਾਇਆ ਜਾਣਾ | 2:14 | 2:14, 15 | 3:24, 25 |
| 10. ਉਚੇਚੇ ਧਾਰਮਿਕ ਦਿਨਾਂ ਦੀ ਸ਼ਰਤ ਨਹੀਂ ਰਹੀਂ | 2:16 | 4:10 | |
| 11. ਮਸੀਹੀ ਲੋਕ ਮਸੀਹ ਨੂੰ ਫੜ੍ਹੀ ਰੱਖਣ ਅਤੇ ਝੂਠੀਆਂ ਸਿੱਖਿਆਵਾਂ ਵਿਚ ਨਾ ਫਸਣ | 2:18–20 | 4:13–15 | |
| 12. ਸਿਰ ਤੋਂ ਮਦਦ ਲੈ ਕੇ ਦੇਹ ਦੀ ਉਸਾਰੀ ਕਰਨਾ | 2:19 | 4:16 | |
| 13. ਬੁਰੇ ਅਤੀਤ ਨੂੰ ਲਾਹ ਸੁੱਟਣਾ ਅਤੇ ਨਵੀਂ ਜ਼ਿੰਦਗੀ ਨੂੰ ਪਹਿਨ ਲੈਣਾ | 3:8–14 | 4:22–26 | |
| 14. ਮਸੀਹੀ ਲੋਕ ਇਕ ਦੇਹ ਦੇ ਰੂਪ ਵਿਚ ਕੰਮ ਕਰਨ | 3:15 | 2:16; 4:4 | |
| 15. ਗਾਉਣ ਸਬੰਧੀ ਹਦਾਇਤਾਂ | 3:16 | 5:19 | |
| 16. ਪਤੀ ਪਤਨੀ, ਬੱਚਿਆਂ, ਮਾਲਕਾਂ ਅਤੇ ਨੌਕਰਾਂ ਲਈ ਹਦਾਇਤਾਂ | 3:18–4:1 | 5:23–6:9 | |